# ਲੋਕਤਾ

ਅਪ੍ਰੈਲ - 1987

**April - 1987**

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਅਮਰਜੀਤ ਸੂਫੀ ਦੀ ਨਿੱਜੀ ਲਾਇਬ੍ਰੇਰੀ।

# ਜੱਲ੍ਹਿਆਂ ਵਾਲਾ ਬਾਗ ਅਤੇ ਅਮਨ ਅੰਕ

Price 25¢ Out of Greater Vancouver 50¢

ਮਾਸਿਕ

# ਲੋਕਤਾ

# The Lokta

**Monthly Magazine**

APRIL 1987 Vol. 11 No 7 ਅਪ੍ਰੈਲ 1987



ਆਜ਼ਾਦੀ ਲਹਿਰ ਦੇ ਸ਼ਹੀਦਾਂ ਦੀ ਯਾਦਗਾਰ–ਜਲ੍ਹਿਆਂ ਵਾਲਾ ਬਾਗ ਜਿੱਥੇ ਹਿੰਦੂਆਂ, ਸਿੱਖਾਂ, ਮੁਸਲਮਾਨਾਂ ਅਤੇ ਈਸਾਈਆਂ ਨੇ ਡਾਇਰ ਦੀਆਂ ਗੋਲੀਆਂ ਦਾ ਸਾਹਮਣਾਂ ਕੀਤਾ ਅਤੇ ਸਾਂਝੇ ਖੂਨ ਨਾਲ ਇਹ ਧਰਤੀ ਸਿੰਜੀ ਗਈ ਜਿਸ ਵਿਚੋਂ ਆਜ਼ਾਦੀ ਦੀ ਕਾਂਗ ਦਾ ਅਜਿਹਾ ਝਾੜਾ ਫੁਟਿਆ ਕਿ ਅੰਗਰੇਜ਼ੀ ਸਾਮਰਾਜ ਦੀ ਵੱਡੀ ਬਾਦਸ਼ਾਹਤ ਹਿੱਲ ਗਈ। ਇਹ ਇਤਿਹਾਸਕ ਸਥਾਨ ਜਿੱਥੇ ਸ਼ਹੀਦੀ ਯਾਦਗਾਰ ਹੈ ਓਥੇ ਪੰਜਾਬੀ ਏਕਤਾ ਦਾ ਵੀ ਪ੍ਰਤੀਕ ਹੈ।

(1976 ਤੋਂ ਛਪਦਾ ਆ ਰਿਹਾ ਪੰਜਾਬੀ ਦਾ ਸਾਹਿਤਕ ਅਤੇ ਆਮ ਜਾਣਕਾਰੀ ਦੇਣ ਵਾਲਾ ਮਾਸਕ ਪੱਤਰ)

LOKTA BOARD

MANAGER
Surjit S. Sohal
271-6728

Asst. Manager
Iqbal Kahlon
588-9658

PUBLISHER
Piara Singh Basi

EDITORIAL BOARD
'Soofi' Amarjit 581-7811
Surinder S. Sangha 588-5217
Mohinder S. Soomel 327-6461
Gurnam Singh Sanghera 325-1662

CIRCULATION
Harkewal S. Dhaliwal 588-4279
Kulwant Singh 594-3986

ADVERTISEMENT
Jasbir Beeka
Amarjit Chatha 325-8006
Jaspal S. Sandhu

The
**Lokta**
P.O.BOX 67534 STN. 'O'
VANCOUVER, B.C. V5W 3T9

Monthly Magazine — 2nd class Mail Reg. No. 6794

ਅਪਰੈਲ—1987,
APRIL—1987
VOL.11.NO.7

ਡਾਕ ਰਾਹੀਂ : ਸਾਲਾਨਾ ਚੰਦਾ 10 ਡਾਲਰ
ਮੁੱਲ - 25 ਸੈਂਟ

LOKTA REPRESENTATIVE

| | |
|---|---|
| Ranjit S. Sandhu | Williams Lake (392-7405) |
| Surinder S. Johal | Edmonton (461-6073) |
| Nirmal S. Dhindsa | Brampton (453-8149) |
| Lehamber S. Pooni | Toronto (671-2296) |
| Rajinder S. Dhaliwal | Winnipeg (633-5229) |
| Hardev S. Rai | Calgary (293-3467 |
| Hakam S. Hans | Prince Rupert (624-3284 |
| Surjit S. Bopanrai | Quesnel (992-3849) |

# ਕੀ ਕਿੱਥੇ ਹੈ ?


- ਐਡੀਟੋਰੀਅਲ — 3
- ਅਤਿਵਾਦ ਵਿਰੁਧ ਜਨਤਕ ਲਾਮਬੰਦੀ — 6
- ਕਵਿਤਾ — 8
- ਹਥਿਆਰਾਂ ਦੀ ਦੌੜ ਕੌਣ ਤੇਜ਼ ਕਰਦਾ ਹੈ — 9
- ਨਕਸਲੀ ਸਾਮਰਾਜ ਤੇ ਪਿਛਾਖੜ ਦੀ ਸੇਵਾ ਵਿਚ — 10
- ਸਾਥੀ ਧੂਤ ਬਾਰੇ ਸ਼ਰਧਾਂਜਲੀ ਸਮਾਗਮ — 11
- ਜਲ੍ਹਿਆਂ ਵਾਲੇ ਬਾਗ ਦਾ ਸੰਦੇਸ਼ — 14
- ਵੈਨਕੂਵਰ ਦੀਆਂ ਬੇਸਮੈਂਟਾਂ ਬਾਰੇ ਮੀਟਿੰਗ ਰੀਪੋਰਟ
- ਕਵਿਤਾਵਾਂ — 16,17
- ਫੌਜਵਾਦ ਦਾ ਵਿਕਾਸ — 20
- ਅੰਮ੍ਰਿਤਸਰ ਦੀਆਂ ਯਾਦਾਂ - 21
- ਕਵਿਤਾ — 23
- ਕੈਨੇਡਾ ਦਾ ਦੁਆਈਆਂ ਬਾਰੇ ਐਕਟ — 29


# ਇਸ ਅੰਕ ਦੇ ਵਿਸ਼ੇਸ਼

ਫੈਡਰਲ ਸਰਕਾਰ ਵਲੋਂ ਦੁਆਈਆਂ ਬਾਰੇ ਜੋ ਨਵਾਂ ਕਾਨੂੰਨ ਪਾਸ ਕੀਤਾ ਗਿਆ ਹੈ, ਉਹ ਲੋਕ ਵਿਰੋਧੀ ਹੈ ਅਤੇ ਵੱਡੀਆਂ ਦੁਆਈ ਕੰਪਨੀਆਂ ਦੇ ਹਿੱਤਾਂ ਵਿਚ ਹੈ। ਇਸ ਮਹੱਤਵਪੂਰਨ ਵਿਸ਼ੇ ਉਪਰ ਵਿਸ਼ੇਸ਼ ਜਾਣਕਾਰੀ ਭਰਪੂਰ ਲੇਖ ਸਫਾ 29 ਉਪਰ ਪੜ੍ਹੋ :

ਲੇਖਕ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ।

ਐਡੀਟੋਰੀਅਲ

# ਜਲ੍ਹਿਆਂਵਾਲੇ ਦੀ ਭਾਵਨਾ ਦਾ ਝੰਡਾ ਉਚਾ ਚੁੱਕੋ

ਅੰਮ੍ਰਿਤਸਰ ਦਾ ਜਲ੍ਹਿਆਂਵਾਲਾ ਬਾਗ ਅੱਜ ਸਮੂਹ ਭਾਰਤੀਆਂ ਨੂੰ ਲਲਕਾਰ ਰਿਹਾ ਹੈ ਕਿ ਉਹ ਧਰਮ ਨਿਰਪੱਖਤਾ ਦੇ ਆਧਾਰ ਉਪਰ ਆਪਣੀ ਏਕਤਾ ਨੂੰ ਉਸਾਰਨ। ਅੱਜ ਸਾਰੇ ਸਮਿਆਂ ਤੋਂ ਵੱਧ ਇਸ ਗੱਲ ਦੀ ਲੋੜ ਹੈ ਕਿ ਅਸੀਂ ਲੋਕਾ ਦੀ ਏਕਤਾ ਨੂੰ ਤੋੜਨ ਵਾਲੀਆਂ ਸਾਰੀਆਂ ਸ਼ਕਤੀਆਂ ਨੂੰ ਹਾਰ ਦੇਈਏ ਜੋ ਧਰਮ ਦੇ ਨਾਂ ਹੇਠ ਲੋਕਾਂ ਵਿਚ ਨਫਰਤ ਪੈਦਾ ਕਰ ਰਹੀਆਂ ਹਨ।

ਅਸੀਂ ਏਥੇ ਕੈਨੇਡਾ ਵਿਚ ਦੇਸ਼ ਤੋਂ 16000 ਮੀਲਾਂ ਤੇ ਰਹਿ ਰਹੇ ਹਾਂ। ਸਾਨੂੰ ਜਿਥੇ ਭਾਰਤ ਵਿਚ ਸਾਮਰਾਜੀ ਏਜੰਟਾਂ ਵਲੋਂ ਵੱਖਵਾਦੀ ਲਹਿਰਾਂ ਅਤੇ ਅੱਤਵਾਦੀ ਦਹਿਸ਼ਤਗਰਦੀ ਕਾਰਨ ਬੇਗੁਨਾਹ ਲੋਕਾਂ ਦੇ ਹਰ ਰੋਜ਼ ਡੁੱਲ੍ਹਰਹੇ ਖੂਨ ਦਾ ਦੁੱਖ ਹੈ,ਉਥੇ ਸਾਨੂੰ ਇਹ ਵੀ ਦੁੱਖ ਹੈ ਕਿ ਪੰਜਾਬ ਵਿਚ,ਜੋ ਜਲ੍ਹਿਆਂਵਾਲਾ ਬਾਗ ਦੀ ਧਰਤੀ ਤੇ,ਜੋ "ਸਭੇ ਸਾਂਝੀਵਾਲ ਸਦਾਇਨ"ਦਾ ਹੋਕਾ ਦੇਣ ਵਾਲੇ ਗੁਰੂਆਂ ਦੀ ਧਰਤੀ ਹੈ,ਅਤੇ ਗੁਰੂਆਂ ਦੇ ਪੈਰੋਕਾਰ ਸਿੱਖਾਂ ਨੂੰ,ਕੁਝ ਮੁੱਠੀ ਭਰ ਲੋਕ,ਸਿਖ ਧਰਮ ਦਾ ਨਾਂ ਲੈ ਕੇ,ਸਿੱਖੀ ਨੂੰ ਬਦਨਾਮ ਕਰ ਰਹੇ ਹਨ। ਜਿਹੜੇ ਲੋਕ ਇਹ ਗਿਲਾ ਕਰ ਰਹੇ ਹਨ ਕਿ ਸਿੱਖਾਂ ਨੂੰ ਅਤਿਵਾਦੀ ਕਹਿ ਕੇ ਬਦਨਾਮ ਕੀਤਾ ਜਾ ਰਿਹਾ ਹੈ। ਉਹ ਸਚਾਈ ਨੂੰ ਜਾਣ ਬੁੱਝ ਕੇ ਤੋੜ ਮਰੋੜ ਰਹੇ ਹਨ। ਸਾਰੇ ਸਿੱਖ ਜਾਂ ਸਿੱਖ ਧਰਮ ਬਿਲਕੁਲ ਅਤਿਵਾਦੀ ਨਹੀਂ ਹੈ,ਸਗੋਂ ਇਸ ਧਰਮ ਦੇ ਦੇਸ਼ ਭਗਤਾਂ—ਬਹਾਦਰਾਂ ਨੇ ਮਿਹਨਤੀਆਂ,ਮਜ਼ਦੂਰਾਂ ਤੇ ਕਿਸਾਨਾਂ,ਨੇ ਹੱਕ ਸੰਘਰਸ਼ ਕੀਤੇ ਹਨ,ਸਿਤਮ ਇਹ ਹੈ ਕਿ ਸਿੱਖੀ ਪਹਿਰਾਵੇ ਵਿਚ ਅਜਿਹਾ ਆਖਣ ਵਾਲੇ ਮੁਠੀ ਭਰ ਲੋਕ ਸਾਮਰਾਜੀਆਂ ਦੇ ਹੱਥ ਵਿਕ ਕੇ,ਸਾਰੇ ਸਿੱਖਾਂ ਦੇ ਪ੍ਰਤੀਨਿੱਧ ਹੋਣ ਦੀ ਅਲੰਬਰਦਾਰੀ ਚੁੱਕੀ ਫਿਰਦੇ ਹਨ। ਅਸਲ ਵਿਚ ਜਿਹੜੇ ਇਹ ਲੋਕ ਹਨ ਇਨ੍ਹਾਂ ਨੂੰ ਸਿਖ ਕਹਿਣਾ ਹੀ ਸਿਖ ਧਰਮ ਨਾਲ ਅਨਿਆਂ ਕਰਨਾ ਹੈ। ਇਹ ਲੋਕ ਤਾਂ ਉਹ ਲੋਕ ਹਨ,ਜਿਨ੍ਹਾਂ ਜਲ੍ਹਿਆਂਵਾਲੇ ਬਾਗ ਵਿਚ ਅਨੇਕਾਂ ਦੇਸ਼ ਭਗਤਾਂ ਨੂੰ ਸ਼ਹੀਦ ਕਰਨ ਵਾਲੇ ਲੋਕਾਂ ਦੇ ਕਾਤਲ ਜਨਰਲ ਨੂੰ ਸਰੋਪਾ ਦੇਣ ਦਾ ਪ੍ਰਬੰਧ ਕੀਤਾ ਸੀ। ਉਨ੍ਹਾਂ ਸਾਮਰਾਜ ਪਿੱਠੂ ਲੋਕਾਂ ਦੇ ਨਾਲ ਦੇ ਅਜੇ ਫਿਰ ਸ੍ਰੀ ਹਰਮਿੰਦਰ ਸਾਹਿਬ ਉਪਰ ਕਬਜ਼ਾ ਕਰਕੇ ਬੈਠੇ ਹਨ। ਕੀ ਉਨ੍ਹਾਂ ਨੂੰ ਸਿੱਖ ਕਹਾਉਣ ਦਾ ਹੱਕ ਹੈ? ਰਾਗੀ ਦਰਸ਼ਨ ਸਿੰਘ ਵਰਗੇ ਸ੍ਰੀ ਅਕਾਲ ਤਖਤ ਦੀ ਅਯੋਗ ਵਰਤੋਂ ਕਰ ਰਹੇ ਹਨ,ਇਹ ਲੋਕ ਅਕਾਲ ਤਖਤ ਦੀ ਅਯੋਗ ਵਰਤੋਂ ਕਰਕੇ,ਉਸਨੂੰ ਆਪਣੇ ਵੱਖਵਾਦੀ ਮਨੋਰਥਾਂ ਲਈ ਵਰਤ ਰਹੇ ਹਨ। ਜਿਹੜੇ ਲੱਖਾਂ ਪੰਜਾਬੀ ਸਿੱਖ ਸਮਝਦੇ ਹਨ ਕਿ ਅਕਾਲ ਤਖਤ ਦੀ ਗਲਤ ਵਰਤੋਂ ਕੀਤੀ ਜਾ ਰਹੀ ਹੈ,ਕੀ ਉਹ ਇਸ ਵਿਰੁਧ ਆਵਾਜ਼ ਨਾ ਉਠਾਉਣ? ਸ੍ਰੀ ਪਟਨਾ ਸਾਹਿਬ ਅਤੇ ਸ੍ਰੀ ਹਜ਼ੂਰ ਸਾਹਿਬ ਦੇ ਮੁਖ ਗਰੰਥੀਆਂ ਵੀ ਇਸ ਅਵੱਗਿਆ ਦੀ ਨੁਕਤਾਚੀਨੀ ਕੀਤੀ ਹੈ।

ਏਥੇ ਕੈਨੇਡਾ ਦਾ ਇਕ ਵੱਖਵਾਦੀ,ਫਿਰਕੂ ਜਨੂੰਨੀ ਅਖਬਾਰ ਦਾ ਐਡੀਟਰ ਲਿਖਦਾ ਹੈ ਕਿ ਅਜੇ ਅਕਾਲ ਤਖਤ ਦੀ ਹਸਤੀ ਨੂੰ ਚੈਲੰਜ ਕੀਤਾ ਜਾ ਰਿਹਾ ਹੈ,ਸਿੱਖਾਂ ਨੂੰ ਖਤਮ ਕਰਨ ਦੀਆਂ ਸਕੀਮਾਂ ਬਣ ਰਹੀਆਂ ਹਨ ਆਦਿ। ਇਸ ਅਕਲ ਦੇ ਅੰਨ੍ਹੇ ਨੂੰ ਪੁਛੇ ਕਿ ਅਕਾਲ ਤਖਤ ਦੀ ਹਸਤੀ ਨੂੰ ਚੈਲੰਜ ਉਨ੍ਹਾਂ ਵਲੋਂ ਹੈ ਜੋ ਇਸ ਉਪਰ ਕਾਬਜ਼ ਹਨ,ਜਿਨ੍ਹਾਂ ਦਾ ਇਹ ਪੱਖ ਲੈ ਰਿਹਾ ਹੈ। ਇਹ ਇਥੇ ਕੈਨੇਡਾ ਵਿਚ ਮੁੜ ਤੋਂ ਫਿਰਕੂ ਜਨੂੰਨ ਨੂੰ ਹਵਾ ਦੇਣੀ ਚਾਹੁੰਦਾ ਹੈ। ਇਸਨੂੰ ਘੱਟੋ ਘੱਟ ਥੋੜ੍ਹੀ ਬਹੁਤੀ ਇਨਸਾਨੀ ਕਦਰ-ਕੀਮਤ ਦਾ ਅਹਿਸਾਸ ਤਾਂ ਚਾਹੀਦਾ ਹੈ ਕਿ ਹਰ ਸਮੇਂ ਹੀ ਸੁਆਰਥ ਸਿੱਧੀ ਲਈ ਪਾਸਾ ਪਲਟਦੇ ਹੀ ਰਹਿਣਾ ਹੈ।

13 ਅਪ੍ਰੈਲ ਦਾ ਦਿਨ ਧਰਮ ਨਿਰਪੱਖਤਾ ਅਤੇ ਏਕਤਾ ਦਾ ਦਿਨ ਹੈ। ਸਾਮਰਾਜ ਵਿਰੁਧ ਲਾਮਬੰਦੀ ਦਾ ਪ੍ਰਣ ਕਰਨ ਦਾ ਦਿਨ ਹੈ। ਵੱਖਵਾਦੀ ਸ਼ਕਤੀਆਂ ਵਿਰੁਧ ਏਕਤਾ ਉਸਾਰਨ ਦਾ ਦਿਨ ਹੈ। ਅਸੀਂ ਜਲ੍ਹਿਆਂਵਾਲੇ ਬਾਗ ਦਾ ਝੰਡਾ,ਲੋਕ ਏਕਤਾ,ਆਪਸੀ ਪ੍ਰੇਮ ਪਿਆਰ ਅਤੇ ਬੇਇਨਸਾਫੀ,ਧੱਕੇ,ਜ਼ੁਲਮ, ਦਹਿਸ਼ਤਗਰਦੀ ਅਤੇ ਵੱਖਵਾਦ ਵਿਰੁਧ ਆਵਾਜ਼ ਉਚੀ ਕਰਕੇ ਹੀ ਉਚਾ ਰਹਿ .ਲਹਿਰਾ ਸਕਦੇ ਹਾਂ।

# ਚਲੋ 25 ਅਪਰੈਲ ਦੇ ਅਮਨ ਜਲੂਸ ਵਿਚ ਪੁੱਜੋ

ਹਰ ਸਾਲ ਵਾਂਗੂ 25 ਅਪਰੈਲ ਦੇ ਸ਼ਨਿਚਰਵਾਰ ਨੂੰ ਵੈਨਕੂਵਰ ਵਿਖੇ ਮਹਾਨ ਅਮਨ ਜਲੂਸ ਕੱਢਿਆ ਜਾ ਰਿਹਾ ਹੈ। ਇਸ ਵੇਲੇ ਜਿੰਨਾ ਸੰਸਾਰ ਦੀ ਹੋਂਦ ਨੂੰ ਖਤਰਾ ਹੈ ਇੰਨਾ ਪਹਿਲਾਂ ਕਦੇ ਕਿਸੇ ਸਮੇਂ ਵਿਚ ਨਹੀਂ ਸੀ। ਇਸ ਵੇਲੇ ਸੰਸਾਰ ਵਿਚੋਂ 60 ਹਜ਼ਾਰ ਤੋਂ ਵੱਧ ਐਟਮੀ ਹਥਿਆਰ ਹਨ ਜੋ ਸਾਰੇ ਸੰਸਾਰ ਨੂੰ ਛੇ ਵਾਰ ਤਬਾਹ ਕਰ ਸਕਦੇ ਹਨ। ਜੇ ਕਦੀ ਐਟਮੀ ਲੜਾਈ ਹੋ ਗਈ ਤਾਂ ਸਰਬਨਾਸ਼ ਹੀ ਹੋਵੇਗਾ ਕੋਈ ਜੇਤੂ ਤੇ ਕੋਈ ਹਾਰਨ ਵਾਲੀ ਧਿਰ ਨਹੀਂ ਰਹੇਗੀ ਨਾ ਹੀ ਕੁਝ ਬਚੇਗਾ ਜਿਸ ਉਪਰ ਮੁੜ ਤੋਂ ਸੰਸਾਰ ਦਾ ਵਿਕਾਸ ਕੀਤਾ ਜਾ ਸਕੇ।

ਅੱਜ ਸੰਸਾਰ ਭਰ ਵਿਚ ਹੀ ਜੋ ਲੋਕ ਅਮਨ ਦੀ ਲੋੜ ਦੀ ਮਹੱਤਤਾ ਨੂੰ ਸਮਝਦੇ ਹਨ ਉਹ ਵੱਧੋ ਵੱਧ ਲੋਕਾਂ ਨੂੰ ਅਮਨ ਦੇ ਲਈ ਅਤੇ ਸੰਸਾਰ ਉਪਰੋਂ ਸਾਰੇ ਐਟਮੀ ਹਥਿਆਰਾਂ ਦੇ ਖਾਤਮੇ ਲਈ,ਇਕ ਸ਼ਕਤੀਸ਼ਾਲੀ ਲਹਿਰ ਉਸਾਰਨ ਵਿਚ ਦਿਲੋਂ ਲਾਕੇ ਯਤਨ ਕਰ ਰਹੇ ਹਨ।

ਅਮਰੀਕਾ ਦੇ ਪ੍ਰਧਾਨ ਰੇਗਨ ਨੇ ਐਟਮੀ ਸ਼ਕਤੀ ਨੂੰ ਉਸਾਰਨ ਵੱਲ ਆਪਣੇ ਪ੍ਰਧਾਨਗੀ ਦੇ ਸਮੇਂ ਬੜਾ ਹੀ ਜ਼ੋਰ ਦਿਤਾ। ਇਸ ਉਪਰ ਅਰਬਾਂ ਨਹੀਂ,ਹਜ਼ਾਰਾਂ ਖਰਬਾਂ ਡਾਲਰ ਖਰਚ ਕੀਤੇ ਹਨ,ਇਹ ਡਾਲਰ ਹਸਪਤਾਲਾਂ,ਸਕੂਲਾਂ,ਰੋਜ਼ਗਾਰ, ਲੋਕਾਂ ਨੂੰ ਸਮਾਜੀ ਸਹੂਲਤਾਂ ਦੇਣ ਲਈ,ਬੁਢਿਆਂ ਨੂੰ ਸਹੂਲਤਾਂ ਦੇਣ ਲਈ ਅਤੇ ਸੰਸਾਰ ਦੇ ਪਛੜੇ ਦੇਸ਼ਾਂ ਦੀ ਤਰੱਕੀ ਲਈ ਸਹਾਇਤਾ ਵਜੋਂ ਦਿਤੇ ਜਾ ਸਕਦੇ ਹਨ। ਪ੍ਰੰਤੂ ਇਹ ਵੱਡੀਆਂ ਰਕਮਾਂ ਹਥਿਆਰ-ਉਸਾਰੀ-ਦੀ ਸਨਅਤ ਦੇ ਦੈਂਤਾਂ ਦਾ ਢਿੱਡ ਭਰਨ ਲਈ ਖਰਚੀਆਂ ਗਈਆਂ। ਸਟਾਰ-ਵਾਰ ਨਾਂ ਦੇ ਪਰੋਗਰਾਮ ਉਪਰ,ਸੰਸਾਰ ਦੀ ਅਮਲ ਲਹਿਰ ਦੇ ਵਿਰੁਧ,ਅਮਲ ਕਰਦਿਆਂ,ਅਮਰੀਕਾ ਨੇ ਆਕਾਸ਼ ਨੂੰ ਵੀ ਜੰਗੀ ਮਨੋਰਥਾਂ ਲਈ ਵਰਤਨ ਦਾ ਖਤਰਾ ਖੜ੍ਹਾ ਕਰ ਦਿਤਾ ਹੈ।

ਅਮਰੀਕਾ ਦੀ ਹਥਿਆਰਾਂ ਦੀ ਦੌੜ,ਜੇਕਰ ਖੁੱਲ੍ਹੀ ਛੱਡ ਦਿਤੀ ਜਾਂਦੀ ਤਾਂ ਅੱਜ ਨੂੰ ਇਸਨੂੰ ਕੋਈ ਸ਼ਕਤੀ ਠੱਲ ਨਾ ਪਾ ਸਕਦੀ। ਇਸਨੂੰ ਕਿਸੇ ਹੋਰ ਨਾਗਾਸਾਕੀ ਜਾਂ ਹੀਰੋਸ਼ੀਮਾਂ ਦੇ ਵਾਂਗ,ਹਸਦੇ ਵਸਦੇ ਸ਼ਹਿਰਾਂ ਨੂੰ ਧਰਤੀ ਤੋਂ ਹੂੰਝ ਸੁੱਟਣ ਲਈ ਕੋਈ ਨਾ ਰੋਕ ਸਕਦਾ,ਜੇਕਰ ਸੋਵੀਅਤ ਯੂਨੀਅਨ,ਇਸਦੇ ਮੁਕਾਬਲੇ ਉਪ... ~.ਸਮਾਜਵਾਦ ਅਤੇ ਕਹਿਣਾ ਚਾਹੀਦਾ ਹੈ ਸੰਸਾਰ ਦੀ ਰਾਖੀ ਲਈ ਆਪਣੀ ਐ... ਕਤੀ ਦਾ ਵਿਕਾਰ ਨਾ ਕਰਦਾ।

ਜੇਕਰ ਠੋਸ ਤੱਥਾਂ ਤੇ ਨਜ਼ਰ ਮਾਰੀਏ ਤਾਂ ਪਤਾ ਲੱਗੇਗਾ ਕਿ ਸੋਵੀਅਤ ਯੂਨੀਅਨ ਨੇ ਸਿਰਫ ਅਮਰੀਕਾ ਦਾ ਹਰ ਪੱਖ ਵਿਚ ਪਿਛਾ ਹੀ ਕੀਤਾ ਹੈ,ਤਾਂ ਜੋ ਅਮਰੀਕਾ ਐਟਮੀ ਸ਼ਕਤੀ ਦੀ ਧੌਂਸ ਨਾਲ ਮਨਮਾਨੀਆਂ ਨਾ ਕਰ ਸਕੇ। ਇਸ ਲਈ ਅਸਲ ਵਿਚ ਸੋਵੀਅਤ ਦੀ ਐਟਮੀ ਸ਼ਕਤੀ ਆਪਣੀ ਰੱਖਿਆ ਲਈ,ਸਮਾਜਵਾਦੀ ਦੇਸ਼ਾਂ ਦੀ ਰੱਖਿਆ ਲਈ ਅਤੇ ਸਮੁੱਚੇ ਤੌਰ ਤੇ ਸੰਸਾਰ ਅਮਨ ਦੀ ਰੱਖਿਆ ਲਈ ਹੈ। ਫਿਰ ਵੀ ਇਹ ਸੋਵੀਅਤ ਯੂਨੀਅਨ ਹੀ ਹੈ ਜੋ ਕਿ ਪੱਕੇ ਸੰਸਰ .ਸੰਸਾਰ ਅਮਨ ਲਈ ਇਸ ਧਰਤੀ ਉਪਰੋਂ ਸਾਰੇ ਐਟਮੀ ਹਥਿਆਰਾਂ ਦਾ ਪੜਾ ਦਰ ਪੜਾ ਖਾਤਮਾ ਕਰਨ ਲਈ ਠੋਸ ਤਜਵੀਜ਼ਾਂ ਲੈ ਕੇ ਸਾਹਮਣੇ ਆਇਆ ਹੈ। ਅਮਰੀਕਾ ਇਨ੍ਹਾਂ ਤਜਵੀਜ਼ਾਂ ਨੂੰ ਰੱਦ ਕਰ ਚੁੱਕਾ ਹੈ। ਪਰ ਹੁਣ ਜਦੋਂ ਯੂਰਪੀ ਦੇਸ਼ਾਂ ਨੇ ਸੋਵੀਅਤ ਤਜਵੀਜ਼ਾਂ ਨੂੰ ਪਰਵਾਨ ਕਰਨ ਲਈ ਰਜ਼ਾਮੰਦੀ ਪ੍ਰਗਟ ਕੀਤੀ ਹੈ ਤਾਂ ਅਮਰੀਕਾ ਕਹਿ ਰਿਹਾ ਹੈ ਕਿ ਸੋਵੀਅਤ ਯੂਨੀਅਨ ਉਸਦੇ ਗੁੱਟ ਦੇ ਦੇਸ਼ਾਂ ਵਿਚ ਪਾੜਾ ਪਾ ਰਿਹਾ ਹੈ।

ਇਸਤੋਂ ਬਿਨਾਂ ਅਮਰੀਕਾ ਦੇ ਝੂਠੇ ਪ੍ਰਚਾਰ ਦਾ ਭਾਂਡਾ ਭੰਨਣ ਲਈ ਕਿ ਸੋਵੀਅਤ ਯੂਨੀਅਨ ਉਪਰ ਵਿਸ਼ਵਾਸ਼ ਨਹੀਂ ਕੀਤਾ ਜਾ ਸਕਦਾ ਕਿ ਇਹ ਐਟਮੀ ਹਥਿਆਰਾਂ ਨੂੰ ਬਣਾਉਣਾ ਜਾਰੀ ਰੱਖੇਗਾ। ਸੋਵੀਅਤ ਯੂਨੀਅਨ ਨੇ ਇਕ ਤਰਫਾ ਤੌਰ ਉਪਰ ਐਟਮੀ ਤਜਰਬੇ ਬੰਦ ਕਰਨ ਦਾ ਐਲਾਨ ਕੀਤਾ ਜੋ ਕਿ 19 ਮਹੀਨੇ ਬੰਦ ਰਹੇ। ਦੂਜੇ ਪਾਸੇ ਅਮਰੀਕਾ ਨੇ ਆਪਣੇ ਤਜਰਬੇ ਜਾਰੀ ਰੱਖੇ। ਇਸ ਤਰ੍ਹਾਂ ਸਾਰੇ ਸੰਸਾਰ ਨੇ ਅਮਰੀਕਨ ਝੂਠ ਨੂੰ ਨੰਗਾ ਅਤੇ ਇਸਦੇ ਜੰਗੀ ਇਰਾਦਿਆਂ ਨੂੰ ਸਾਫ ਦੇਖ ਲਿਆ ਹੈ।

ਅੱਜ ਹੋਰ ਕੋਈ ਦੂਜਾ ਰਾਹ ਨਹੀਂ ਹੈ ਜੋ ਅਮਰੀਕਾ ਉਪਰ ਦਬਾਉ ਪਾ ਸਕੇ,ਸਿਵਾਏ ਸੰਸਾਰ ਭਰ ਉਪਰ ਵਿਸ਼ਾਲ ਅਮਨ ਲਹਿਰ ਨੂੰ ਤਕੜੇ ਕਰਨ ਦੇ।

ਆਓ ਆਪਾਂ ਵੀ 12 ਅਪਰੈਲ 1987 ਸ਼ਨਿਚਰਵਾਰ ਨੂੰ ਕਿਸਤਲਾਨੋ

ਬਾਂਚ ਤੋਂ ਸ਼ੁਰੂ ਹੋਣ ਵਾਲੇ ਵੈਨਕੂਵਰ ਅਮਨ ਜਲੂਸ ਵਿਚ ਸ਼ਾਮਲ ਹੋਕੇ ਆਪਣਾ ਹਿੱਸਾ ਪਾਈਏ। ਹੋਰ ਜਾਣਕਾਰੀ ਲਈ 736-2366 ਉਤੇ ਫੋਨ ਕਰੋ

**ਜਲ੍ਹਿਆਂਵਾਲਾ ਬਾਗ ਅਮਨ ਅਤੇ ਏਕਤਾ ਦਾ ਰਾਹਨੁਮਾ ਹੈ।**

# ਭਾਰਤ ਵਿਚ ਕਮਿਊਨਿਸਟ ਲਹਿਰ ਦੀ ਰਾਜਨੀਤਕ ਜਿੱਤ

23 ਮਾਰਚ ਨੂੰ ਭਾਰਤ ਦੇ ਤਿੰਨ ਰਾਜਾਂ ਵਿੱਚ ਚੋਣਾਂ ਹੋਈਆਂ ਹਨ ਜੋ ਕਿ ਰਾਜਨੀਤਕ ਤੌਰ ਉਪਰ ਬੜੇ ਹੀ ਮਹੱਤਵਪੂਰਨ ਹਨ। ਜੰਮੂ,ਕਸ਼ਮੀਰ ਵਿਚ ਦੋ ਸਾਲ ਪਹਿਲਾਂ ਕਾਂਗਰਸ ਨੇ ਫਾਰੂਕ ਅਬਦੁੱਲਾ ਦੀ ਸਰਕਾਰ ਤੁੜਵਾਕੇ ਜੀ.ਐਮ.ਸ਼ਾਹ ਦੀ ਸਰਕਾਰ ਸਥਾਪਤ ਕਰ ਦਿੱਤੀ ਸੀ,ਜੋ ਪਿਛੋਂ ਤੋੜ ਦਿਤੀ ਗਈ ਹੁਣ ਇਨ੍ਹਾਂ ਚੋਣਾਂ ਵਿਚ ਕਾਂਗਰਸ ਨੇ ਫਾਰੂਕ ਅਬਦੁੱਲਾ ਦੀ ਨੈਸ਼ਨਲ ਕਾਨਫਰੰਸ ਪਾਰਟੀ ਨਾਲ ਮਿਲਕੇ ਚੋਣਾਂ ਲੜੀਆਂ। ਇਨ੍ਹਾਂ ਵਿਚੋਂ ਨੈਸ਼ਨਲ ਕਾਨਫਰੰਸ ਦੀ ਜਿੱਤ ਹੋਈ ਹੈ ਅਤੇ ਕਾਂਗਰਸ ਉਸਦੀ ਦੂਜੇ ਨੰਬਰ ਦੀ ਸਾਂਝੀਵਾਲ ਹੈ। ਜੇਕਰ ਫਾਰੂਕ ਅਬਦੁੱਲਾ ਕਾਂਗਰਸ ਨਾਲ ਚੋਣ ਸਮਝੌਤਾ ਨਾ ਕਰਦਾ ਤਾਂ ਕਸ਼ਮੀਰ ਵਿਚ ਵੀ ਕਾਂਗਰਸ ਨੂੰ ਹੁੰਝਾ ਫਿਰਨਾ ਸੀ।

ਦੂਜੇ ਦੋ ਰਾਜ ਹਨ,ਪੱਛਮੀ ਬੰਗਾਲ ਅਤੇ ਕੇਰਲਾ। ਪੱਛਮੀ ਬੰਗਾਲ ਵਿਚ ਮਾਰਕਸਵਾਦੀ ਕਮਿਊਨਿਸਟ ਪਾਰਟੀ ਦੀ ਅਗਵਾਈ ਵਾਲਾ ਖੱਬਾ ਫਰੰਟ 1977 ਤੋਂ ਹੀ ਰਾਜ ਸੱਤਾ ਵਿਚ ਹੈ। ਪਿਛਲੀ ਵਿਧਾਨ ਸਭਾ ਵਿਚ ਖੱਬੇ ਫਰੰਟ ਕੋਲ 238 ਸੀਟਾਂ ਸਨ,ਕਾਂਗਰਸ ਕੋਲ 56 ਸਨ। ਪਰ ਇਸ ਵਾਰ ਕਾਂਗਰਸ ਹੋਰ ਵੀ ਸੁੰਗੜ ਗਈਖੱਬੇ ਫਰੰਟ ਕੋਲ 251 ਸੀਟਾਂ ਹਨ ਅਤੇ ਕਾਂਗਰਸ ਕੋਲ 40 ਰਹਿ ਗਈਆਂ ਹਨ,ਦੋ ਹੋਰਨਾਂ ਪਾਰਟੀਆਂ ਨੇ ਤਿੰਨ ਸੀਟਾਂ ਜਿੱਤੀਆਂ ਹਨ।

ਪੱਛਮੀ ਬੰਗਾਲ ਵਿਚ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੇ ਇਕ ਸੌ ਤੋਂ ਵੱਧ ਚੋਣ ਜਲਸਿਆਂ ਵਿਚ ਭਾਸ਼ਨ ਦਿਤੇ ਅਤੇ ਮਾਰਕਸਵਾਦੀ ਅਗਵਾਈ ਵਾਲੀ ਸਰਕਾਰ ਨੂੰ ਹਾਰ ਦੇਣ ਦਾ ਬੀੜਾ ਚੁਕਿਆ ਸੀ। ਏਹੋ ਨਹੀਂ ਕਾਂਗਰਸ ਨੇ ਦਾਰਜੀਲਿੰਗ ਜ਼ਿਲੇ ਦੀ ਗੋਰਖਾਲੈਂਡੀ ਵੱਖਵਾਦੀ ਲਹਿਰ ਨੂੰ ਵੀ ਹਰ ਢੰਗ ਨਾਲ ਉਛਾਲਣ ਦਾ ਯਤਨ ਕੀਤਾ ਅਤੇ ਉਨ੍ਹਾਂ ਨੂੰ ਟੇਢੇ ਢੰਗ ਨਾਲ ਸਹਿਯੋਗ ਵੀ ਦਿਤਾ। ਇਥੋਂ ਤੱਕ ਕਿ ਸ੍ਰੀ ਰਾਜੀਵ ਗਾਂਧੀ ਅਤੇ ਸ੍ਰੀ ਬੂਟਾ ਸਿੰਘ ਉਸਨੂੰ ਕੌਮੀ ਲਹਿਰ ਕਹਿ ਰਹੇ ਸਨ। ਨਤੀਜਾ ਇਹ ਹੋਇਆ ਕਿ ਦਾਰਜੀਲਿੰਗ ਜ਼ਿਲੇ ਦੀਆਂ ਪੰਜੇ ਸੀਟਾਂ CPI [M]ਜਿੱਤ ਗਈ ਹੈ। ਇਸ ਤਰ੍ਹਾਂ ਗੋਰਖਾਲੈਂਡ ਲਹਿਰ ਦਾ ਲੋਕਾਂ ਨੇ ਮੱਕੂ ਠੱਪ ਦਿਤਾ।

ਇਸਦੇ ਨਾਲ ਭਾਂਤ ਭਾਤ ਦੇ ਨਕਸਲੀ ਗਰੁੱਪਾਂ ਨੇ ਵੀ ਮਾਰਕਸਵਾਦੀ ਅਗਵਾਈ ਵਾਲੀ ਸਰਕਾਰ ਵਿਰੁੱਧ ਕਈ ਪਾਪੜ ਵੇਲੇ,ਜਿਨ੍ਹਾਂ ਦਾ ਵੀ ਲੋਕਾਂ ਸਫਾਇਆ ਕਰਕੇ ਖੱਬੇ ਫਰੰਟ ਦੀਆਂ ਮਜ਼ਦੂਰ,ਕਿਸਾਨਾਂ ਤਐ ਆਮ ਲੋਕਾਂ ਦੇ ਹਿਤਾਂ ਨੂੰ ਪੂਰਨ ਵਾਲੀਆਂ ਨੀਤੀਆਂ ਦਾ ਸਮਰਥਨ ਕੀਤਾ।

ਕੇਰਲਾ ਵਿਚ ਕਾਂਗਰਸ ਦੀ ਅਗਵਾਈ ਵਾਲਾ ਫਰੰਟ ਪਿਛਲੇ ਪੰਜ ਸਾਲਾਂ ਤੋਂ ਰਾਜ ਕਰ ਰਿਹਾ ਸੀ,ਜੋ ਕਿ ਪਹਿਲੇ ਮਾਰਕਸਵਾਦੀ ਪਾਰਟੀ ਦੀ ਅਗਵਾਈ ਵਾਲੇ ਫਰੰਟ ਨੂੰ ਤੋੜ ਕੇ ਸੱਤਾ ਵਿਚ ਆਇਆ ਸੀ। ਖੱਬੇ ਜਮਹੂਰੀ ਫਰੰਟ ਨੂੰ ਛੱਡਣ ਵਾਲੀਆਂ ਪਾਰਟੀਆਂ ਮੁਸਲਮਲੀਗ,ਕੇਰਲਾ ਕਾਂਗਰਸ ਆਦਿ ਸਨ। ਇਸਤੋਂ ਪਿਛੋਂ ਮਾਰਕਸਵਾਦੀ ਪਾਰਟੀ ਨੇ ਇਕ ਪੱਕਾ ਅਸੂਲ ਬਣਾ ਲਿਆ ਕਿ ਉਹ ਕਿਸੇ ਵੀ ਫਿਰਕੂ ਪਾਰਟੀ ਨਾਲ ਗੱਠਜੋੜ ਨਹੀਂ ਕਰੇਗੀ। ਇਸੇ ਧਾਰਨਾ ਹੇਠ ਪਿਛਲੀਆਂ ਚੋਣਾਂ ਵਿਚ ਪੰਜਾਬ ਵਿਚ ਅਕਾਲੀ ਦਲ ਨਾਲ ਸੀਟਾਂ ਦਾ ਛੱਡ ਛਡਾ ਨਹੀਂ ਕੀਤਾ ਸੀ। ਇਥੇ ਇਹ ਗੱਲ ਸਮਝਣ ਦੀ ਲੋੜ ਹੈ ਕਿ ਇਨ੍ਹਾਂ ਦਿਨਾਂ ਵਿਚ ਪੰਜਾਬ ਵਿਚ ਅਤਿਵਾਦ-ਵੱਖਵਾਦ ਵਿਰੁਧ ਸਰਬ ਪਾਰਟੀ ਮੁਹਿੰਮ ਅਤੇ ਚੋਣ ਸਮਝੌਤਾ ਵੱਖੋ ਵੱਖ ਰਾਜਨੀਤਕ ਪੱਖ ਹਨ।

ਪੱਛਮੀ ਬੰਗਾਲ ਅਤੇ ਕੇਰਲਾ ਵਿਚ ਸੀ.ਪੀ.ਆਈ.(ਮ) ਦੀ ਅਗਵਾਈ ਵਾਲੇ ਫਰੰਟਾਂ ਦੀ ਜਿੱਤ ਬਹੁਤ ਹੀ ਰਾਜਨੀਤਕ ਮਹੱਤਤਾ ਵਾਲੀ ਹੈ। ਸ੍ਰੀ ਰਾਜੀਵ ਗਾਂਧੀ ਨੇ ਬੰਗਾਲ ਵਿਚ ਨਾਅਰਾ ਦਿਤਾ ਸੀ "ਨੂਤਨ ਬਾਂਗਲੋ"ਕਿ ਕਮਿਊਨਿਸਟ ਰਾਜ ਖਤਮ ਕਰਕੇ ਨਵਾਂ ਬੰਗਾਲ ਉਸਾਰੀਏ। ਤਾਂ ਮੁਖ ਮੰਤਰੀ ਸਾਥੀ ਜੋਤੀ ਬਾਸੂ ਨੇ ਕਿਹਾ "ਨੂਤਨ ਭਾਰਤੋ"ਭਾਵ ਆਵੋ ਨਵਾਂ ਭਾਰਤ ਉਸਾਰੀਏ,ਕਿ ਚਾਲੀ ਸਾਲਾਂ ਦੇ ਕਾਂਗਰਸੀ ਰਾਜ ਨੂੰ ਖਤਮ ਕਰਕੇ ਉਸਦੀ ਥਾਂ ਤੇ ਬੰਗਾਲ ਵਰਗੇ ਖੱਬੇ ਫਰੰਟ ਦੀ ਸਰਕਾਰ ਦਾ ਕੇਂਦਰ ਵਿਚ ਗਠਣ ਕਰੀਏ। ਜਿਸ ਨਾਲ ਭਾਰਤ ਦੇ ਕਰੋੜਾਂ ਲੋਕਾਂ ਦਾ ਭਵਿੱਖ ਚਾਨਣਾ ਹੋ ਸਕੇ। 30 ਮਾਰਚ ਨੂੰ ਕੱਲਕੱਤਾ ਵਿਚ ਇਕ ਵਿਸ਼ਾਲ ਰੈਲੀ ਨੂੰ ਸੰਬੋਧਨ ਕਰਦਿਆਂ ਸਾਥੀ ਜੋਤੀ ਬਾਸੂ ਨੇ ਭਾਰਤ ਦੇ ਲੋਕਾਂ ਨੂੰ ਮੁੜ ਸੱਦਾ ਦਿਤਾ ਕਿ ਆਓ ਕੇਂਦਰ ਵਿਚ ਵੀ ਏਸੇ ਤਰ੍ਹਾਂ ਹੀ ਕਾਂਗਰਸ ਨੂੰ ਬਦਲ ਦੇਈਏ ਜਿਵੇਂ ਬੰਗਾਲ ਵਿਚ ਬਦਲਿਆ ਹੈ।

ਭਾਰਤ ਤੋਂ ਪੁਜੀਆਂ ਖਬਰਾਂ ਤੋਂ ਪਤਾ ਲਗਦਾ ਹੈ ਕਿ ਦੇਸ਼ ਵਿਚ ਰਾਜਨੀਤਕ ਹਵਾ ਦਾ ਰੁਖ ਕਾਂਗਰਸ ਵਿਰੁਧ ਮੁੜ ਪਿਆ ਹੈ। ਸੰਭਵ ਹੈ ਕਿ 1977 ਵਾਂਗ,ਵਧੇਰੇ ਅਸੂਲੀ ਆਧਾਰ ਉਪਰ,ਆਉਂਦੀਆਂ ਲੋਕ ਸਭਾ ਚੋਣਾਂ ਵਿਚ ਕੋਈ ਲੋਕ ਪੱਖੀ ਬਦਲ ਉਭਰ ਆਵੇ। ਇਸਤੋਂ ਪਹਿਲਾਂ ਛੇਤੀ ਹੀ ਹਰਿਆਣਾ ਦੀਆਂ ਵਿਧਾਨ ਸਭਾ ਚੋਣਾਂ ਦੇ ਨਤੀਜੇ ਬੰਗਾਲ ਅਤੇ ਕੇਰਲਾ ਦੇ ਰੁਖ ਵਿਚ ਚਲੇ ਜਾਣ ਦੇ ਜ਼ਿਕਰ ਹੋ ਰਹੇ ਹਨ।

ਅਸੀਂ ਲੋਕਤਾ ਵਲੋਂ ਪੱਛਮੀ ਬੰਗਾਲ ਦੇ ਖੱਬੇ ਮੋਰਚੇ ਅਤੇ ਕੇਰਲਾ ਦੇ ਖੱਬੇ ਜਮਹੂਰੀ ਮੋਰਚੇ ਦੀ ਸ਼ਾਨਦਾਰ ਜਿੱਤ ਉਪਰ ਵਧਾਈ ਦਿੰਦੇ ਹਾਂ। ਆਸ ਕਰਦੇ ਹਾਂ ਕਿ ਪੱਛਮੀ ਬੰਗਾਲ ਅਤੇ ਕੇਰਲਾ ਦੇ ਲੋਕਾਂ ਦੇ ਫੈਸਲੇ ਤੋਂ ਭਾਰਤ ਦੇ ਲੋਕ ਕਾਫੀ ਕੁਝ ਸਿੱਖਣਗੇ। ਭਾਰਤ ਦੇ ਲੋਕਾਂ ਦੇ ਮਸਲਿਆਂ ਦਾ ਇਲਾਜ ਕੇਂਦਰ ਵਿਚ ਖੱਬੇ ਫਰੰਟ ਦੀ ਲੋਕ ਜਮਹੂਰੀ ਸਰਕਾਰ ਹੀ ਕਰਨ ਦੇ ਸਮਰੱਥ ਹੈ।

# ਬੀ.ਸੀ.ਬੱਜਟ ਆਮ ਲੋਕਾਂ ਉਪਰ ਹਮਲਾ

ਬ੍ਰਿਟਿਸ਼ ਕੋਲੰਬੀਆ ਦੀ ਸੋਕਰਡ ਸਰਕਾਰ ਦਾ ਮਾਰਚ 1987 ਦਾ ਬੱਜਟ ਖਾਸ ਕਰ ਬੇ-ਰੋਜ਼ਗਾਰ,ਘੱਟ ਆਮਦਨ ਵਾਲਿਆਂ ਅਤੇ ਬਜ਼ੁਰਗਾਂ ਦੇ ਅਤੇ ਜਨਰਲ ਤੌਰ ਤੇ ਆਮ ਲੋਕਾਂ ਦੇ ਹਿਤਾਂ ਦੇ ਵਿਰੁਧ ਹੈ। ਭਾਵੇਂ ਵੈਂਡਰਜਾਮ ਦੀ ਸੋਕਰਡ ਸਰਕਾਰ ਨੇ ਜਨਵਾਦੀ ਮਖੌਟਾ ਪਾਉਣ ਦਾ ਯਤਨ ਕੀਤਾ ਹੈ ਅਤੇ ਕਈ ਮਸਲਿਆਂ ਨੂੰ ਅੰਕੜਿਆਂ ਦੀ ਕਾਰਾਗਰੀ ਵਿਚ ਅਤੇ ਪਰਦਾ ਪੋਸ਼ੀ ਨਾਲ ਛੁਪਾਉਣ ਦੀ ਕੋਸ਼ਿਸ਼ ਵਿਚ ਹੈ। ਅਸਲ ਵਿਚ ਇਸ ਬੱਜਟ ਵਿਚ ਕਈ ਯੂਨੀਅਨ ਵਿਰੋਧੀ ਅਤੇ ਧਨੀਆਂ ਦੇ ਲਾਭਾਂ ਨੂੰ ਪਾਲਣ ਦੇ ਮਨਸੂਬੇ ਲੁਕੇ ਹੋਏ ਹਨ। ਜੇ ਹੌਲੀ ਹੌਲੀ ਉਜਾਗਰ ਹੋਣਗੇ। 1987-88 ਵਿਚ ਦਸ ਅਰਬ ਵੀਹ ਕਰੋੜ ਡਾਲਰ ਦਾ ਖਰਚ ਕਰਨਾ ਹੈ ਅਤੇ ਇਕ ਅਰਬ ਵੀਹ ਕਰੋੜ ਡਾਲਰ ਦਾ ਖਸਾਰਾ ਹੋਵੇਗਾ ਜਦੋਂ ਕਿ ਬ੍ਰਿਟਿਸ਼ ਕੋਲੰਬੀਆ ਦੇ ਸਿਰ ਪਹਿਲਾਂ ਹੀ ਪੰਜ ਅਰਬ ਵੀਹ ਕਰੋੜ ਦਾ ਕਰਜ਼ਾ ਹੈ। ਖਜ਼ਾਨਾ ਮੰਤਰੀ ਲੋਕਾਂ ਨੂੰ ਬੁੱਧੂ ਬਣਾਉਣ ਅਤੇ ਆਪਣੀ ਪਾਰਟੀ ਦੀਆਂ ਅਮੀਰ ਹਿਤੂ ਤੇ ਖਸਾਰਾ ਪੈਦਾ ਕਰਨ ਵਾਲੀਆਂ ਨੀਤੀਆਂ ਨੂੰ ਢੱਕਣ ਦੇ ਆਹਰ ਵਿਚ ਹੈ। ਜਿਵੇਂ ਲੋਕਾਂ ਨੂੰ ਪਤਾ ਨਹੀਂ। ਉਸਨੇ ਬੱਜਟ ਸਪੀਚ ਵਿਚ ਆਖਿਆ,"ਸਾਡੀ ਸਰਕਾਰ ਨੂੰ ਪੁਰਾਣਾ ਚਲਿਆ ਆ ਰਿਹਾ ਤੇ ਢਾਂਚੇ ਵਿਚ ਬਚਿਆ ਹੋਇਆ ਘਾਟਾ। ਖਸਾਰਾ ਵਿਰਸੇ ਵਿਚ ਮਿਲਿਆ ਹੈ।"ਉਸਨੂੰ ਪੁਛੋ ਕਿ ਹੁਣ ਤੋਂ ਪਹਿਲਾਂ ਵੀ ਤਾਂ ਸੋਕਰਡ ਪਾਰਟੀ ਦੀ ਹੀ ਸਰਕਾਰ ਸੀ ਤੇ ਉਲਾਂਭਾ ਵੀ ਇਸਨੂੰ ਭਾਵ ਆਪ ਨੂੰ ਹੀ ਹੈ। ਸੋ ਅਸਲੀਅਤ ਇਹ ਹੈ ਕਿ ਸੋਕਰਡ ਪਾਰਟੀ ਦੀਆਂ ਨੀਤੀਆਂ ਹੀ ਹਨ ਜੋ ਸਭ ਬੀਮਾਰੀਆਂ ਦੀ ਜੜ੍ਹ ਹਨ।

ਹੁਣ ਵੈਂਡਰਜਾਮ ਦੀ ਸਰਕਾਰ ਨੇ ਬਜ਼ੁਰਗਾਂ ਨੂੰ ਉਨ੍ਹਾਂ ਤੋਂ ਕਿਸੇ ਡਾਕਟਰੀ ਮਾਹਰ (ਜਿਵੇਂ ਮਾਲਸ਼ ਵਾਲੇ,ਹੱਡੀਆਂ ਵਾਲੇ ਅਤੇ ਪੈਰਾਂ ਵਾਲਿਆਂ) ਪਾਸ ਜਾਣ ਤੇ ਹਰ ਵਾਰੀ ਪੰਜ ਡਾਲਰ,ਦੁਆਈ ਦਾ ਨੁਸਖਾ ਭਰਾਉਣ ਸਮੇਂ ਪੰਜ ਡਾਲਰ ਅਤੇ ਫਾਰਮਾਕੇਅਰ ਵਿਚ ਕਟੌਤੀ ਕਰਕੇ ਭਾਰੀ ਸੱਟ ਮਾਰੀ। ਸਾਲ ਵਿਚ 125 ਡਾਲਰ ਤਕ ਅਤੇ ਜੇਬ ਵਿਚ ਦੇਣ ਪੈਣਗੇ। ਇਸ ਨਿਰਦਈਪੁਣੇ ਨੂੰ ਜਾਇਜ਼ ਠਹਿਰਾਉਣ ਲਈ ਵਿੱਤ ਮੰਤਰੀ ਨੇ ਆਖਿਆ ਕਿ,"ਬਜ਼ੁਰਗਾਂ ਨੂੰ ਇਸ ਸਾਲ ਪਤਾ ਚੱਲੇਗਾ ਕਿ ਮੁਫਤ ਦੁਆਈ ਦੀ ਕੀ ਕੀਮਤ ਹੁੰਦੀ ਹੈ।"ਬੀ.ਸੀ.ਵਿਚ ਤਿੰਨ ਲੱਖ ਅਨਾਠ ਹਜ਼ਾਰ ਬਜ਼ੁਰਗ ਹਨ ਅਤੇ ਉਨ੍ਹਾਂ ਵਿਚੋਂ ਇਕ ਲੱਖ ਸੱਠ ਹਜ਼ਾਰ ਗਰੀਬੀ ਦੀ ਲਕੀਰ ਤੋਂ ਥੱਲੇ ਰਹਿੰਦੇ ਹਨ। ਜਦੋਂ ਕੇਂਦਰੀ ਸਰਕਾਰ ਨੇ ਪੇਟੈਂਟ ਐਕਟ ਵਿਚ ਸੋਧ ਕਰਕੇ ਬ੍ਰਾਂਡ ਵਾਲੀ ਦੁਆਈ ਦੀ ਨਕਲ ਬਣਾਉਣ ਤੇ ਪਾਬੰਦੀ ਲਾਈ ਤਾਂ ਕੀਮਤਾਂ ਅਸਮਾਨੀ ਚੜ੍ਹਨਗੀਆਂ ਤੇ ਬਜ਼ੁਰਗਾਂ ਲਈ ਹੋਰ ਵੀ ਭਾਰੀ ਸੱਟ।

ਹਸਪਤਾਲ ਤੇ ਸਿਹਤ ਰੱਖਿਆ ਲਈ ਕੋਈ ਸਾਢੇ ਤਿੰਨ ਫੀਸਦੀ ਵੱਧ ਪੈਸਾ ਹੋਵੇਗਾ ਪਰ ਨਾਲ ਹੀ ਫਾਰਮਾਕੇਅਰ ਦੀ ਕੀਮਤ ਨਾਲ ਇਹ ਸਾਢੇ ਤਿੰਨ ਫੀਸਦੀ ਘਟ ਜਾਏਗਾ ਤੇ ਨਾਲ ਹੀ ਸਿਹਤ ਸੁਰੱਖਿਆ ਦੇ ਖਰਚਾਂ ਤੇ ਕੀਮਤਾਂ ਵਿਚ ਕੋਈ ਪੌਣੇ ਫੀਸਦੀ ਵਾਧਾ ਹੋ ਚੁੱਕਾ ਹੈ। ਸੋ ਅਸਲੀਅਤ ਵਿਚ ਸਿਹਤ ਭਲਾਈ ਵਿਚ ਕਟੌਤੀ ਹੋਈ ਹੈ। ਇਹ ਅਸਲ ਵਿਚ ਬੀ.ਸੀ. ਦੇ ਮੈਡੀਕਲ ਸਿਸਟਮ ਨੂੰ ਖਤਮ ਕਰਨ ਵਲ ਕਦਮ ਪੁਟਿਆ ਕਦਮ ਹੈ।

ਬੀ.ਸੀ. ਵਿਚ ਕੋਈ ਦੋ ਲੱਖ ਬੰਦਾ ਬੇਰੋਜ਼ਗਾਰ ਹੈ ਅਤੇ ਵਿਤ ਮੰਤਰੀ ਨੇ ਮੰਨਿਆ ਹੈ ਕਿ ਅਗਲੇ ਸਾਲ ਤੇਰਾਂ ਫੀਸਦੀ ਤੋਂ ਉਪਰ ਬੇਰੋਜ਼ਗਾਰੀ ਰਹੇਗੀ। (ਜਦੋਂਕਿ ਦੇਸ਼ ਵਿਚ ਨੌਂ ਫੀਸਦੀ ਬੇ-ਰੋਜ਼ਗਾਰੀ ਹੈ) ਮੰਤਰੀ ਨੇ ਇਹ ਵੀ ਆਖਿਆ ਕਿ ਕੰਮ ਮਿਲਣ ਜਾਂ ਨੌਕਰੀਆਂ ਦੇ ਵਾਧੇ ਵਾਲੀ ਗੱਲ ਤਾਂ ਬਹੁਤ ਕਮਜ਼ੋਰ ਹੈ। ਸੋ ਹੋਰ ਨੌਕਰੀਆਂ ਪੈਦਾ ਕਰਨ ਤੇ ਕੰਮ ਦੇਣ ਦੀ ਅਸਲੋਂ ਹੀ ਕੋਈ ਸਕੀਮ ਨਹੀਂ। ਬੱਜਟ ਨੇ ਇਹ ਵੀ ਦਰਸਾਇਆ ਹੈ ਕਿ ਵੈਲਫੇਅਰ ਤੇ ਰਹਿ ਰਹੇ ਬੰਦਿਆਂ ਵਿਚੋਂ ਕੋਈ ਪੰਜ ਹਜ਼ਾਰ ਨੂੰ ਟਰੇਨਿੰਗ ਦੇਣ ਦੀ ਸਕੀਮ ਹੈ। ਪਰ ਉਹ ਟਰੇਨਿੰਗ ਕੀ ਹੋਵੇਗੀ ਅਤੇ ਉਸ ਪਿਛੋਂ ਕਿਹੋ ਜਿਹਾ ਤਹਿ ਕਿੰਨੇ ਸਮੇਂ ਲਈ ਕੰਮ ਹੋਵੇਗਾ। ਕੋਈ ਗੱਲ ਨਹੀਂ। ਨਾਲ ਹੀ ਬੀ.ਸੀ. ਵਿਚ ਦੋ ਲੱਖ ਅੰਤਾਲੀ ਹਜ਼ਾਰ ਵੈਲਫੇਅਰ ਤੇ ਹਨ ਫਿਰ ਇਸ ਪੰਜ ਹਜ਼ਾਰ ਦੀ ਆਰਜ਼ੀ ਟਰੇਨਿੰਗ ਨਾਲ ਤਾਂ ਕੋਈ ਹਲ ਨਹੀਂ ਹੋਣਾ।

ਬੱਜਟ ਵਿਚ"ਨਵੀਂ ਪਹੁੰਚ"ਬਾਰੇ ਗੱਲ ਕੀਤੀ ਹੈ ਪਰ ਕੀ ਟੈਕਸ ਤੇ ਟੈਕਸ ਲਾਉਣੇ ਨਵੀਂ "ਪਹੁੰਚ"ਹੈ ? ਜਿਵੇਂ ਜਾਇਦਾਦ ਜਾਂ ਘਰ ਲੈਣ ਤੇ ਇਕ ਫੀਸਦੀ ਟੈਕਸ ਭਾਵ ਜੇ ਲੱਖ ਦਾ ਘਰ ਲਵੋ ਤਾਂ ਇਕ ਹਜ਼ਾਰ ਡਾਲ ਫੀਸ ਦਿਉ। ਪਟਰੋਲ ਤੇ ਟੈਕਸ,ਹੋਟਲ ਟੈਕਸ ਅਤੇ ਕਾਰ ਬੀਮਾ ਟੈਕਸ। ਕਿਉਂਕਿ ਆਈ.ਸੀ.ਬੀ.ਸੀ. ਨੂੰ ਵੀ ਅੱਗੇ ਤੋਂ ਟੈਕਸ ਲਗਣਾ ਹੈ। ਇਸ ਲਈ ਕਾਰਾਂ ਦੀ ਇਨਸੋਰੈਂਸ ਵੀ ਵਧ ਜਾਣੀ ਹੈ। ਇਹ ਸਭ ਸਰਮਾਏਦਾਰਾਂ ਦੀਆਂ ਸਟੈਂਡਰਡ ਨੀਤੀਆਂ ਹਨ।

ਇਨਕਮ ਟੈਕਸ ਦਾ ਕੁਹਾੜਾ ਵੀ ਆਮ ਬੰਦੇ ਤੇ ਹੀ ਚੱਲਿਆ ਹੈ,ਅਮੀਰਾਂ ਉਤੇ ਨਹੀਂ। ਜਿਵੇਂ ਹੁਣ ਨਵੇਂ ਇਨਕਮ ਟੈਕਸ ਵਾਧੇ ਅਧੀਨ,ਵੀਹ ਹਜ਼ਾਰ ਡਾਲਰ ਸਾਲ ਦੀ ਆਮਦਨ ਵਾਲੇ ਨੂੰ ਸਵਾ ਅੱਠ ਫੀਸਦੀ ਹੋਰ ਆਮਦਨ ਟੈਕਸ ਦੇਣਾ ਪਵੇਗਾ। ਪਰ ਜਿਸਦੀ ਆਮਦਨ ਪੰਜਾਹ ਹਜ਼ਾਰ ਹੈ,ਉਸਨੇ ਸਾਢੇ ਚਾਰ ਫੀਸਦੀ ਹੋਰ ਦੇਣਾ ਹੈ। ਸਾਫ ਹੈ ਕਿ ਸਰਕਾਰ ਕਿਸ ਦੇ ਲਾਭ ਲਈ ਕੰਮ ਕਰਦੀ ਹੈ।

ਇਸ ਸਰਕਾਰ ਨੇ ਇਹ ਵੀ ਹੁਣ ਘੁਮਾਉਣ ਦੀ ਕੋਸ਼ਿਸ਼ ਕੀਤੀ ਹੈ ਕਿ ਬੱਜਟ ਵਿਚ ਵਿਦਿਆ ਲਈ ਬਹੁਤ ਪੈਸਾ ਦਿਤਾ ਹੈ। ਪਰ ਗੱਲ ਇਉਂ ਨਹੀਂ। ਜੇਕਰ ਸਿੱਕੇ ਦੇ ਫੈਲਾਅ ਅਤੇ ਵਧੇ ਖਰਚਾਂ ਨੂੰ ਧਿਆਨ ਵਿਚ ਰਖੀਏ ਤਾਂ ਕੋਈ ਵਾਧਾ ਨਹੀਂ। ਜੋ ਵਾਧਾ ਕੀਤਾ ਹੈ ਉਹ ਪ੍ਰਾਈਵੇਟ ਸਕੂਲਾਂ ਨੂੰ ਜਿਵੇਂ ਕਿ ਪਬਲਿਕ (ਸਰਕਾਰੀ) ਸਕੂਲਾਂ ਨੂੰ ਅੱਗੇ ਨਾਲੋਂ ਸਵਾ ਗਿਆਰਾਂ ਫੀਸਦੀ ਵਾਧੂ ਪੈਸੇ ਦੀ .ਪੈਸਾ ਦਿਤਾ ਹੈ ਜਦਕਿ ਅਮੀਰਾਂ ਦੇ ਪ੍ਰਾਈਵੇਟ ਸਕੂਲਾਂ ਨੂੰ ਬਤਾਲੀ ਫੀਸਦੀ ਵਾਧੂ ਪੈਸੇ ਦੀ ਗਰਾਂਟ ਦਿਤੀ ਹੈ। ਸੋ ਸਰਕਾਰ ਵਿਦਿਆ ਹੀ ਨਹੀਂ ਬਲਕਿ ਹਰ ਚੀਜ਼ ਨੂੰ ਪ੍ਰਾਈਵੇਟਾਈਜ਼ ਕਰਕੇ ਅਮੀਰਾਂ ਦੇ ਹੱਥਾਂ ਵਿਚ ਦੇਕੇ ਉਨ੍ਹਾਂ ਦੀਆਂ ਤਜੌਰੀਆਂ ਭਰਨ ਤੇ ਤੁਲੀ ਹੋਈ ਹੈ। ਜਦੋਂ ਪ੍ਰੀਮੀਅਰ ਵੈਂਡਰਜਾਮ ਭਾਵੇਂ ਸ਼ੁਗਲ ਨਾਲ ਆਖਦਾ ਹੈ ਕਿ "ਅਸੰਬਲੀ ਹਾਊਸ ਵੀ ਵਿਕਾਊ"ਹੈ ਤਾਂ ਇਸ ਤੋਂ ਉਸਦੀ ਅਸਲੀ ਮਨ ਨੂੰ ਸਮਝਿਆ ਜਾ ਸਕਦਾ ਹੈ। ਅਸਲ ਵਿਚ ਤਾਂ ਬੀ.ਸੀ. ਵਿਕਾਊ ਹੈ।

ਕਾਰਪੋਰੇਟ ਲੋਕਾਂ ਨੂੰ ਤਿੰਨ ਸਾਲ ਸਕੀਮ ਵਿਚ ਭਾਰੀ ਟੈਕਸ ਕਟੌਤੀਆਂ ਨਾਲ ਅਮੀਰਾਂ ਨੂੰ ਸੱਠ ਕਰੋੜ ਡਾਲਰ ਲਾਭ ਪਹੁੰਚਾਇਆ ਹੈ। ਜਦੋਂਕਿ ਸਾਧਾਰਨ ਛੋਟੇ ਵਪਾਰੀ ਉਪਰ ਵੀ ਟੈਕਸ ਦਾ ਰੇਟ ਅੱਠ ਤੋਂ ਵਧਾਕੇ ਗਿਆਰਾਂ ਫੀਸਦੀ ਕਰਕੇ,ਉਨ੍ਹਾਂ ਨੂੰ ਵੀ ਰਗੜਾ ਫੇਰਿਆ ਹੈ।

ਸਾਰਾ ਬੱਜਟ ਤੇ ਇਸ ਸੰਬੰਧੀ ਬਿਆਨ ਲੋਕ ਵਿਰੋਧੀ ਹਨ ਅਤੇ ਇਸ ਵਿਚ ਸਾਰੀ ਪਹੁੰਚ ਤੇ ਵਿਚਾਰਧਾਰਾ ਉਹ ਹੀ ਹੈ ਜੋ ਇਸਤੋਂ ਪਹਿਲੇ ਪ੍ਰੀਮੀਅਰ ਬਿੱਲ ਬੈਨਿਟ ਦੀ ਸੀ,ਪਰ ਇਹ ਤਾਂ ਹੋਣਾ ਹੀ ਹੈ ਕਿਉਂਕਿ ਉਹ ਹੀ ਪਾਰਟੀ ਹੈ ਅਤੇ ਉਸ ਲੋਟੂ ਜਮਾਤ ਦੀ ਨੁਮਾਇੰਦਗੀ ਕਰਦੀ ਹੈ। ਇਸ ਵਿਚ ਅਤੇ ਪਹਿਲੇ ਦਿਤੇ ਭਾਸ਼ਲ .ਭਾਸ਼ਨ ਤੋਂ ਵੀ ਜ਼ਾਹਰ ਹੈ ਕਿ ਲੇਬਰ ਕੋਡ ਰਾਹੀਂ ਯੂਨੀਅਨ ਲਹਿ ਉਪਰ ਵੀ ਜ਼ਬਰਦਸਤ ਹਮਲਾ ਹੋਣ ਵਾਲਾ ਹੈ। ਸੋ ਮੋਟੇ ਤੌਰ ਤੇ ਇਹ ਬੱਜਟ ਗਰੀਬ ਅਤੇ ਅਮੀਰਾਂ ਉਪਰ ਹਮਲਾ ਤੇ ਕਾਰਪੋਰੇਸ਼ਨਾਂ ਦੀ ਮੱਦਦ ਵਾਲੀ ਦਸਤਾਵੇਜ਼ ਹੈ। ਵੈਂਡਰਜੈਮ ਦੀ ਸਰਕਾਰ ਦੀ ਅਖੌਤੀ "ਨਵੀਂ ਪਹੁੰਚ" ਧਨੀਆਂ ਦੇ ਹਿਤਾਂ ਨੂੰ ਪਾਲਣ ਵਾਲੀ ਅਤੇ ਪਹਿਲੇ ਪ੍ਰੀਮੀਅਰ ਬਿੱਲ ਬੈਨਿਟ ਵਾਲੀ ਸੋਕਰਡ ਪਾਰਟੀ ਦੀ ਪੁਰਾਣੀ ਸ਼ਰਾਬ ਨਵੀਆਂ ਬੋਤਲਾਂ ਵਿਚ ਹੈ। ਇਸ ਸੋਕਰਡ ਸਰਕਾਰ ਦੀ "ਨਵੀਂ ਪਹੁੰਚ"ਅਤੇ "ਹਾਈ ਟੈਕ"ਦੇ ਪ੍ਰਚਾਰ ਦੇ ਅਧੀਨ ਮਜ਼ਦੂਰ ਜਮਾਤ ਉਤੇ ਨਵੇਂ ਹਮਲੇ ਹੋਣੇ ਹਨ ਅਤੇ ਮਜ਼ਦੂਰਾਂ ਵਲੋਂ ਕੀਤੀਆਂ ਪ੍ਰਾਪਤੀਆਂ ਨੂੰ ਖਤਮ ਕਰਨ ਵੱਲ ਕਦਮ ਪੁੱਟੇ ਜਾਣੇ ਹਨ। ਸੋ ਮਜ਼ਦੂਰ ਜਮਾਤ ਨੂੰ ਕਮਜ਼ੋਰ ਕਰਨ ਵਾਲੀਆਂ ਪਾਲਸੀਆਂ ਵਿਰੁਧ ਘੋਲ ਕਰਨਾ ਜ਼ਰੂਰੀ ਹੈ ਤਾਂਕਿ ਨਵੇਂ ਆ ਰਹੇ ਤੇਜ਼ ਹਮਲਿਆ ਨੂੰ ਪਛਾੜਿਆ ਜਾ ਸਕੇ ਅਤੇ ਸਾਂਝੇ ਸੰਘਰਸ਼ ਰਾਹੀਂ ਪ੍ਰਾਪਤੀਆਂ ਦੀ ਰਾਖੀ ਕਰਦੇ ਹੋਏ ਅੱਗੇ ਵਧਿਆ ਜਾ ਸਕੇ।

**ਜਲ੍ਹਿਆਂਵਾਲਾ ਬਾਗ਼ ਧਰਮ ਨਿਰਪੱਖਤਾ ਦਾ ਪ੍ਰਤੀਕ ਹੈ।**

**ASHOKA TRADING CO. LTD**

6621 MAIN ST. VANCOUVER. B.C. **Ph: 324-7521**

ਤੁਹਾਡੇ ਲਈ ਬਹੁਤ ਹੀ ਖੂਬਸੂਰਤ ਰੰਗਾਂ ਵਿੱਚ ਸੂਟ, ਸਾੜ੍ਹੀਆਂ ਤੇ ਵਿਆਹ ਸਮੇਂ ਹਰ ਤਰ੍ਹਾਂ ਦੀਆਂ ਲੋੜਾਂ ਤੇ ਹੋਰ ਬਹੁਤ ਕੁਝ ਖੀਦਣ ਲਈ ਬਣੇ ਆਓ

# ਅੱਤਵਾਦ ਵਿਰੁਧ ਸਾਂਝੀ ਜਨਤਕ ਲਾਮਬੰਦੀ

ਭਾਰਤ ਨੂੰ ਅਜ਼ਾਦ ਕਰਾਉਣ ਲਈ ਚੜ੍ਹਦੀ ਜਵਾਨੀ ਵਿਚ ਹੀ ਹੱਸ ਹੱਸ ਕੇ ਫਾਂਸੀ ਚੜ੍ਹਨ ਵਾਲੇ ਮਹਾਨ ਸੂਰਬੀਰ ਤੇ ਦੇਸ਼ ਭਗਤ ਕਰਤਾਰ ਸਿੰਘ ਸਰਾਭੇ ਦੀ ਧਰਤੀ ਲੁਧਿਆਣੇ ਵਿਚ ਕਲ ਲੱਖਾਂ ਲੋਕਾਂ ਨੇ ਸਰਵ ਪਾਰਟੀ ਸਾਂਝੀ ਰੈਲੀ 'ਚ ਹੁਮ ਹੁਮਾ ਕੇ ਪੁਜ ਕੇ ਇਹ ਦਸ ਦਿਤਾ ਹੈ ਕਿ ਉਹ ਸਾਮਰਾਜੀ ਸ਼ਹਿ ਪ੍ਰਾਪਤ ਖਾਲਿਸਤਾਨੀ ਦਹਿਸ਼ਤਗਰਦਾਂ ਨੂੰ ਖੁਲ੍ਹ ਖੇਡਣ ਨਹੀਂ ਦੇਣਗੇ, ਉਹ ਪੰਜਾਬੀ ਲੋਕਾਂ ਦੀ ਏਕਤਾ, ਹਿੰਦੂ-ਸਿੱਖ ਏਕਤਾ, ਫਿਰਕੂ ਸਦਭਾਵਨਾ ਅਤੇ ਦੇਸ਼ ਦੀ ਏਕਤਾ ਤੇ ਅਖੰਡਤਾ ਦੀ ਰਾਖੀ ਆਪਣੀ ਅੱਖ ਦੀ ਪੁਤਲੀ ਦੀ ਤਰਾਂ ਕਰਨਗੇ ਅਤੇ ਇਸ ਕਾਜ ਵਾਸਤੇ ਆਪਣੀਆਂ ਜਾਨਾਂ ਤਕ ਨਿਛਾਵਰ ਕਰ ਦੇਣਗੇ। ਇੰਨੀ ਵੱਡੀ ਗਿਣਤੀ ਵਿਚ ਲੋਕਾਂ ਦਾ ਉਮੱਡ ਕੇ ਆਉਣਾ ਅਤੇ ਰਾਸ਼ਟਰੀ ਪੱਧਰ ਦੀਆਂ ਪਾਰਟੀਆਂ ਦੇ ਆਗੂਆਂ ਦੇ ਵਿਚਾਰ ਸੁਣਨ ਲਈ ਇੰਨੇ ਲੰਬੇ ਸਮੇਂ ਲਈ ਰੈਲੀ 'ਚ ਅਡੋਲ ਬੈਠੇ ਰਹਿਣਾ ਇਹ ਦਸਦਾ ਹੈ ਕਿ ਉਹ ਧਰਮ ਦੇ ਨਾਂਅ ਤੇ ਨਫਰਤ ਫੈਲਾਉਣ ਵਾਲਿਆਂ ਦੇ ਅਣਮਨੁੱਖੀ ਕਾਰਿਆਂ ਤੋਂ ਦੁਖੀ ਹਨ, ਉਹ ਇਹਨਾਂ ਸਾਮਰਾਜੀ ਏਜੰਟਾਂ ਵਲੋਂ ਕੀਤੇ ਜਾ ਰਹੇ ਬੇਦੋਸ਼ੇ ਲੋਕਾਂ, ਬੱਚਿਆਂ, ਬੁੱਢਿਆਂ ਅਤੇ ਇਸਤ੍ਰੀਆਂ ਦੇ ਵਹਿਸ਼ੀਆਨਾ ਕਤਲਾਂ ਦੀ ਦਿਲੋਂ ਮਨੋਂ ਨਿੰਦਿਆ ਕਰਦੇ ਹਨ, ਉਹ ਇਸ ਅੱਤਵਾਦੀ ਦਹਿਸ਼ਤਗਰਦੀ ਨੂੰ ਬੰਦ ਹੋਣਾ ਲੋਚਦੇ ਹਨ ਅਤੇ ਪੰਜਾਬ ਵਿਚ ਅਮਨ ਚੈਨ ਬਹਾਲ ਹੋਇਆ ਲੋਚਦੇ ਹਨ। ਇਸ ਸਰਵ ਪਾਰਟੀ ਸਾਂਝੀ ਰੈਲੀ ਨੂੰ, ਜਿਹੜੀ ਕਿ ਰਾਸ਼ਟਰ ਪੱਧਰ ਦੀਆਂ ਪਾਰਟੀਆਂ ਵਲੋਂ ਪੰਜਾਬ 'ਚ ਅੱਤਵਾਦ ਤੇ ਵੱਖਵਾਦ ਵਿਰੁਧ ਅਤੇ ਧਾਰਮਿਕ ਰੂੜੀਵਾਦ ਵਿਰੁਧ ਲੜਨ ਲਈ ਤਿਆਰ ਕੀਤੀ ਗਈ ਸਾਂਝੀ ਕਾਰਵਾਈ ਯੋਜਨਾਂ ਦੇ ਅੰਗ ਵਜੋਂ ਕੀਤਾ ਗਿਆ ਪਹਿਲਾ ਜਨਤਕ ਐਕਸ਼ਨ ਸੀ, ਮਿਲਿਆ ਐਨਾ ਵੱਡਾ ਜਨਤਕ ਹੁੰਗਾਰਾ ਦਸਦਾ ਹੈ ਕਿ ਪੰਜਾਬੀ ਲੋਕ ਆਪਣੇ ਮਹਾਨ ਦੇਸ਼ ਭਗਤਕ ਅਤੇ ਧਰਮ-ਨਿਰਪੱਖ ਵਿਰਸੇ ਨੂੰ ਸਾਂਭੀ ਬੈਠੇ ਹਨ, ਜਦੋਂ ਵੀ ਉਹਨਾਂ ਨੂੰ ਜਗਾਇਆ ਜਾਂਦਾ ਹੈ, ਲਾਮਬੰਦ ਕੀਤਾ ਜਾਂਦਾ ਹੈ, ਉਹ ਉਠਕੇ ਮੈਦਾਨ ਵਿਚ ਆਉਂਦੇ ਹਨ। ਇਹ ਰੈਲੀ ਆਸ ਬੰਨ੍ਹਦੀ ਹੈ ਕਿ ਪੰਜਾਬੀ ਲੋਕਾਂ ਦਾ ਇਹ ਦੇਸ਼ ਭਗਤੀ ਦਾ ਜਜ਼ਬਾ ਹੁਣ ਜਾਗਣ ਲਗਿਆ ਹੈ, ਇਹ ਹੁਣ ਇਕ ਵਿਸ਼ਾਲ ਸਾਂਝੀ ਜਨਤਕ ਲਹਿਰ ਦਾ ਰੂਪ ਧਾਰਨ ਕਰ ਜਾਵੇਗਾ ਜਿਸ ਅਗੇ ਸਾਮਰਾਜੀ ਏਜੰਟ ਖਾਲਿਸਤਾਨੀ ਦਹਿਸ਼ਤਗਰਦ ਅਤੇ ਦੂਸਰੇ ਧਾਰਮਿਕ ਰੂੜੀਵਾਦੀ ਟਿਕ ਨਹੀਂ ਸਕਣਗੇ। ਗੁਰੂ ਨਾਨਕ ਸਟੇਡੀਅਮ ਦੇ ਵਿਸ਼ਾਲ ਪੰਡਾਲ ਵਿਚ ਸਾਰੀਆਂ ਪਾਰਟੀਆਂ ਦੇ ਇਕੱਠੇ ਝੂਲਦੇ ਝੰਡੇ ਇਕ ਦੇਸ਼ ਭਗਤਕ ਉਭਾਰ ਦੇ ਪ੍ਰਤੀਕ ਸਨ, ਦੇਸ਼ ਦੀ ਏਕਤਾ ਤੇ ਅਖੰਡਤਾ ਦੇ ਹੱਕ ਵਿਚ, ਹਿੰਦੂ ਸਿੱਖ ਏਕਤਾ ਦੇ ਹੱਕ ਵਿਚ ਅਤੇ ਅੱਤਵਾਦ ਤੇ ਵਖਵਾਦ ਵਿਰੁਧ ਲਗਦੇ ਨਾਹਰੇ ਇਕ ਅਨੋਖੀ ਪਰੇਰਨਾ ਤੇ ਉਤਸ਼ਾਹ ਪੈਦਾ ਕਰ ਰਹੇ ਸਨ।

ਇਸ ਵਿਸ਼ਾਲ ਸਾਂਝੀ ਰੈਲੀ ਵਲੋਂ ਪਰਵਾਨ ਕੀਤਾ ਸਰਬ ਸੰਮਤ ਮਤਾ, ਭਿੰਨ ਭਿੰਨ ਰਾਜਸੀ ਪਾਰਟੀਆਂ ਦੇ ਆਗੂਆਂ ਵਲੋਂ ਆਪਣੀਆਂ ਤਕਰੀਰਾਂ ਰਾਹੀਂ ਮੁਖ ਮੰਤਰੀ ਸ੍ਰੀ ਬਰਨਾਲਾ ਦੇ ਦੇਸ਼ ਦੀ ਏਕਤਾ ਤੇ ਅਖੰਡਤਾ ਦੇ ਹੱਕ 'ਚ ਅੱਤਵਾਦ ਤੇ ਵੱਖਵਾਦ ਵਿਰੁਧ ਅਤੇ ਅਕਾਲ ਤਖਤ ਦੇ ਐਕਟਿੰਗ ਜਥੇਦਾਰ ਵਲੋਂ ਰਾਜਨੀਤਕ ਮਾਮਲਿਆਂ 'ਚ ਕੀਤੀ ਦਖਲ-ਅੰਦਾਜ਼ੀ ਵਿਰੁਧ ਡਟਣ ਦੇ ਸਟੈਂਡ ਦੇ ਕੀਤੇ ਸਮਰਥਨ ਅਤੇ ਪੰਜਾਬੀ ਲੋਕਾਂ ਨੂੰ ਇਕਮੁਠ ਹੋ ਕੇ ਅੱਤਵਾਦ-ਵੱਖਵਾਦ ਵਿਰੁਧ ਡਟਣ ਦੀਆਂ ਅਪੀਲਾਂ, ਮੁਖ ਮੰਤਰੀ ਬਰਨਾਲਾ ਵਲੋਂ ਵੀਹ ਫਰਵਰੀ ਦੀ ਲੌਂਗੋਵਾਲ ਦਿਵਸ ਕਨਵੈਨਸ਼ਨ ਦੇ ਮਤੇ ਨੂੰ ਅਤੇ ਸ਼ਹੀਦ ਸੰਤ ਹਰਚੰਦ ਸਿੰਘ ਲੌਂਗੋਵਾਲ ਦੇ ਪੰਜਾਬ 'ਚ ਹਿੰਦੂ-ਸਿੱਖ ਏਕਤਾ ਦੇ ਮਿਸ਼ਨ ਨੂੰ ਆਪਣੀ ਜਾਨ ਦੀ ਕੁਰਬਾਨੀ ਦੇ ਕੇ ਵੀ ਨੇਪਰੇ ਚਾੜ੍ਹਨ ਦਾ ਇਸ ਵਿਸ਼ਾਲ ਰੈਲੀ 'ਚ ਕੀਤਾ ਮੁੜ ਅਹਿਦ, ਇਹ ਸਾਰੇ ਪਹਿਲੂ ਵੀ ਇਹੀ ਦਸਦੇ ਹਨ ਕਿ ਸਾਮਰਾਜੀ ਏਜੰਟਾਂ ਖਾਲਿਸਤਾਨੀ ਦਹਿਸ਼ਤਗਰਦਾਂ ਵਿਰੁਧ ਅਤੇ ਧਾਰਮਿਕ ਰੂੜੀਵਾਦੀਆਂ, ਨਫਰਤ ਦੇ ਵਣਜਾਰਿਆਂ ਵਿਰੁਧ ਪੰਜਾਬ 'ਚ ਜਨਤਕ ਲਾਮਬੰਦੀ ਦਾ ਬਿਗਲ ਵੱਜ ਚੁਕਾ ਹੈ। ਸਮੂਹ ਦੇਸ਼ ਭਗਤਾਂ, ਦੇਸ਼ ਦੀ ਏਕਤਾ ਤੇ ਅਖੰਡਤਾ ਦੇ ਹਾਮੀਆਂ ਅਤੇ ਉਹਨਾਂ ਸਾਰਿਆਂ ਲਈ ਜਿਹੜੇ ਪੰਜਾਬ ਨੂੰ ਹੱਸਦਾ ਵੱਸਦਾ ਦੇਖਣਾ ਲੋਚਦੇ ਹਨ, ਹਿੰਦੂਆਂ-ਸਿੱਖਾਂ 'ਚ ਭਾਈਚਾਰਕ ਪਿਆਰ ਦੀਆਂ ਪੀਡੀਆਂ ਤੰਦਾਂ ਨੂੰ ਮਜ਼ਬੂਤ ਦੇਖਣਾ ਲੋਚਦੇ ਹਨ, ਕਿਸਾਨ ਲਹਿਰ ਦੀ ਏਕਤਾ, ਮਜ਼ਦੂਰ ਲਹਿਰ ਦੀ ਏਕਤਾ, ਵਿਦਿਆਰਥੀ ਲਹਿਰ, ਨੌਜਵਾਨ ਲਹਿਰ ਅਤੇ ਸਮੁਚੇ ਪੰਜਾਬੀ ਲੋਕਾਂ ਦੀ ਏਕਤਾ ਲੋਚਦੇ ਹਨ, ਇਹ

ਵੈਨਕੂਵਰ ਵਿਚ ਭਾਰਤੀਆਂ ਦਾ ਫਰਨੀਚਰ ਸਟੋਰ

ਰੋਇਲ ਫਰਨੀਚਰ ਲਿਮ:

ROYAL FURNITURE

ਟੌਪ ਕੁਆਲਿਟੀ ਦਾ ਫਰਨੀਚਰ ਤੇ ਵਾਜਿਬ ਕੀਮਤਾਂ

2607 ਮੇਨ ਸਟਰੀਟ, ਵੈਨਕੂਵਰ, ਬੀ. ਸੀ.

Ph. 874-9525

- ਲਿਵਿੰਗ ਰੂਮ
- ਡਾਇਨਿੰਗ ਰੂਮ
- ਬੈਡ ਰੂਮ ਅਤੇ

ਹਰ ਕਿਸਮ ਦਾ ਫਰਨੀਚਰ ਸਾਥੋਂ ਖ੍ਰੀਦੋ



PAUL TOOR

ਸਫਲ ਵਿਸ਼ਾਲ ਰੈਲੀ ਬਹੁਤ ਹੌਂਸਲਾ ਵਧਾਊ ਹੈ।

ਰੈਲੀ ਵਲੋਂ ਪਾਸ ਕੀਤੇ ਗਏ ਮਤੇ 'ਚ ਕਿਹਾ ਗਿਆ ਹੈ ਕਿ ਇਹ ਵਿਸ਼ਾਲ ਰੈਲੀ ਪੰਜਾਬ 'ਚ ਅਤੇ ਦੇਸ਼ ਵਿਚ ਅੱਤਵਾਦੀ, ਅਤੰਕਵਾਦੀ ਤਾਕਤਾਂ ਵਲੋਂ ਕੀਤੇ ਜਾ ਰਹੇ ਜ਼ੁਲਮਾਂ ਤੇ ਅਤਿਆਚਾਰਾਂ ਬੇਦੋਸ਼ਿਆਂ ਦੇ ਕਤਲਾਂ ਦੀ ਪੂਰੇ ਜ਼ੋਰ ਨਾਲ ਭਰਪੂਰ ਨਿੰਦਿਆ ਕਰਦੀ ਹੈ, ਇਹ ਰੈਲੀ ਪੰਜਾਬ ਦੇ ਲੋਕਾਂ ਦੀ ਬਹਾਦਰਾਨਾ ਏਕਤਾ ਦੀ ਸਲਾਘਾ ਕਰਦੀ ਹੈ ਅਤੇ ਰਹਿ ਦਿਲੋਂ ਪ੍ਰਣ ਕਰਦੀ ਹੈ ਕਿ ਅੱਤਵਾਦ ਵੱਖਵਾਦ ਤੇ ਧਾਰਮਿਕ ਰੂੜੀਵਾਦ ਵਿਰੁਧ ਪੂਰੀ ਦ੍ਰਿੜਤਾ ਨਾਲ ਲੜੇਗੀ ਅਤੇ ਕਿਸੇ ਵੀ ਕੀਮਤ 'ਤੇ ਅੱਤਵਾਦੀਆਂ ਦੀ ਚਾਲ ਨੂੰ ਸਫਲ ਨਹੀਂ ਹੋਣ ਦੇਵੇਗੀ। ਇਹ ਰੈਲੀ ਮੁਖ ਮੰਤਰੀ ਸ੍ਰੀ ਸੁਰਜੀਤ ਸਿੰਘ ਬਰਨਾਲਾ ਅਤੇ ਉਸਦੀ ਸਰਕਾਰ ਨੂੰ ਅੱਤਵਾਦੀਆਂ ਵਲੋਂ ਦਿੱਤੀ ਚਣੌਤੀ ਨੂੰ ਕਬੂਲਦੀ ਹੈ ਅਤੇ ਸ੍ਰੀ ਬਰਨਾਲਾ ਦਾ ਮੁਕੰਮਲ ਸਮਰਥਨ ਕਰਦੀ ਹੈ। ਇਹ ਰੈਲੀ ਸੱਦਾ ਦਿੰਦੀ ਹੈ ਕਿ ਧਾਰਮਿਕ ਸਥਾਨਾਂ ਦੀ ਕਿਸੇ ਵੀ ਹਾਲਤ 'ਤੇ ਦੇਸ਼ ਧਰੋਹੀ ਤੇ ਵੱਖਵਾਦੀ ਮੰਤਵਾਂ ਲਈ ਵਰਤੋਂ ਕੀਤੇ ਜਾਣ ਦੀ ਆਗਿਆ ਨਹੀਂ ਦੇਣੀ ਚਾਹੀਦੀ।"

ਰੈਲੀ ਨੂੰ ਸੀ. ਪੀ. ਆਈ (ਐਮ), ਸੀ. ਪੀ. ਆਈ, ਇੰਕਾ, ਬੀ. ਜੇ. ਪੀ, ਲੋਕ ਦਲ, ਅੰਨਾ ਡੀ. ਐਮ. ਕੇ, ਏ. ਜੀ. ਪੀ, ਨੈਸ਼ਨਲ ਕਾਨਫਰੰਸ ਅਤੇ ਅਕਾਲੀ ਦਲ (ਲ) ਦੇ ਆਗੂਆਂ ਨੇ ਸੰਬੋਧਨ ਕੀਤਾ। ਸਮੂਹ ਕੇਂਦਰੀ ਬੁਲਾਰਿਆਂ ਨੇ ਧਰਮ ਤੇ ਰਾਜਨੀਤੀ ਨੂੰ ਅਲੱਗ ਅਲੱਗ ਰੱਖਣ ਅਤੇ ਧਾਰਮਿਕ ਸਥਾਨਾਂ ਦੀ ਨਿਰੋਲ ਧਾਰਮਿਕ ਮੰਤਵਾਂ ਤੋਂ ਬਿਨਾਂ ਕਿਸ ਕਿਸਮ ਦੇ ਦੇਸ਼ ਧਰੋਹੀ ਮੰਤਵ ਲਈ ਵਰਤੋਂ ਦੀ ਆਗਿਆ ਨਾ ਦੇਣ ਉਪਰ ਜ਼ੋਰ ਦਿੱਤਾ, ਦੇਸ਼ ਦੀ ਏਕਤਾ ਤੇ ਅਖੰਡਤਾ ਦੀ ਰਾਖੀ ਲਈ ਤੰਗ ਪਾਰਟੀ ਹਿੱਤਾਂ ਤੋਂ ਉਪਰ ਉਠਕੇ ਸਾਂਝੀ ਲੜਾਈ ਲਈ ਸਮਰਥਨ ਦਾ ਭਰੋਸਾ ਦਿੱਤਾ, ਇਸ ਸਾਂਝੀ ਲੜਾਈ ਨੂੰ ਹੋਰ ਉਭਾਰ ਤੇ ਸ਼ਕਤੀ ਪ੍ਰਦਾਨ ਕਰਨ ਵਾਸਤੇ ਪੰਜਾਬ ਸਮਝੌਤੇ ਨੂੰ ਲਾਗੂ ਕੀਤੇ ਜਾਣ ਅਤੇ ਜੋਧਪੁਰ ਨਜ਼ਰਬੰਦਾਂ ਦੀ ਰਿਹਾਈ ਦੇ ਮਹੱਤਵ 'ਤੇ ਵੀ ਜ਼ੋਰ ਦਿੱਤਾ, ਨਾਲ ਹੀ ਇਸ ਰੈਲੀ ਦੇ ਸੱਦੇ ਨੂੰ ਧੁਰ ਹੇਠਾਂ, ਪਿੰਡ ਤੇ ਮਹੱਲਾ ਪੱਧਰ ਤੇ ਹਰ ਘਰ ਹਰ ਵਿਅਕਤੀ ਕੋਲ ਲਿਜਾਣ ਦੀ ਅਪੀਲ ਕੀਤੀ ਅਤੇ ਨਾਲ ਹੀ ਪੰਜਾਬ ਦੇ ਲੋਕਾਂ ਨੂੰ ਤੇ ਮੁਖ ਮੰਤਰੀ ਸ੍ਰੀ ਬਰਨਾਲਾ ਨੂੰ ਭਰੋਸਾ ਦਿੱਤਾ ਕਿ ਉਹ ਅੱਤਵਾਦ ਵੱਖਵਾਦ ਤੇ ਧਾਰਮਿਕ ਰੂੜੀਵਾਦ ਵਿਰੁਧ ਲੜਾਈ ਵਿਚ ਉਹਨਾਂ ਦੇ ਨਾਲ ਹਨ।

ਸੀ. ਪੀ. ਆਈ. (ਐਮ) ਪੋਲਿਟ ਬਿਉਰੋ ਮੈਂਬਰ ਸਾਥੀ ਹਰਕਿਸ਼ਨ ਸਿੰਘ ਸੁਰਜੀਤ ਨੇ ਪੰਜਾਬ ਵਿਚਲੀ ਖਤਰਨਾਕ ਸਥਿਤੀ ਅਤੇ ਸਾਮਰਾਜੀ ਏਜੰਟਾਂ ਖਾਲਿਸਤਾਨੀ ਦਹਿਸ਼ਤਗਰਦਾਂ ਤੇ ਧਾਰਮਿਕ ਰੂੜ੍ਹੀਵਾਦੀਆਂ ਵਿਰੁਧ ਪੰਜਾਬੀਆਂ ਦੀ ਵਿਸ਼ਾਲ ਸਾਂਝੀ ਜਨਤਕ ਲਹਿਰ ਉਸਾਰਨ ਦੀ ਅਜੋਕੀ ਇਤਿਹਾਸਕ ਲੋੜ ਪ੍ਰਤੀ ਜ਼ੋਰਦਾਰ ਲਲਕਾਰ ਦਿੰਦਿਆਂ ਕਿਹਾ ਕਿ ਅਜ ਉਸ ਪੰਜਾਬ ਦੀ ਧਰਤੀ ਨੂੰ, ਜਿਥੇ ਪੰਜਾਬੀਆਂ ਨੇ ਦੇਸ਼ ਦੀ ਆਜ਼ਾਦੀ ਲਈ ਅਥਾਹ ਕੁਰਬਾਨੀਆਂ ਕਰਕੇ, ਪੰਜਾਬ ਦਾ ਸਿਰ ਦੇਸ਼ ਭਰ 'ਚ ਉੱਚਾ ਕੀਤਾ ਸੀ, ਜਿਥੇ ਜਲ੍ਹਿਆਂ ਵਾਲੇ ਬਾਗ 'ਚ ਹਿੰਦੂਆਂ, ਸਿੱਖਾਂ ਤੇ ਮੁਸਲਮਾਨਾਂ ਨੇ ਅਜ਼ਾਦੀ ਲਈ ਸਾਂਝਾ ਖੂਨ ਡੋਲ੍ਹਿਆ ਸੀ, ਇਸ ਨੇ ਦੇਸ਼ ਭਰ 'ਚ ਅਜ਼ਾਦੀ ਲਹਿਰ ਦੀ ਕਾਂਗ ਨੂੰ ਨਵਾਂ ਉਭਾਰ ਦਿੱਤਾ ਸੀ, ਅੱਜ ਕੁਝ ਸਾਮਰਾਜੀ ਸ਼ਹਿ ਪ੍ਰਾਪਤ ਅੱਤਵਾਦੀ ਤੇ ਵੱਖਵਾਦੀ ਵਰਤਕੇ ਦੇਸ਼ ਦੀ ਏਕਤਾ ਤੇ ਅਖੰਡਤ ਨੂੰ ਚਣੌਤੀ ਦੇ ਰਹੇ ਹਨ, ਧਰਮ ਦੇ ਨਾਂ 'ਤੇ ਹਿੰਦੂਆਂ-ਸਿੱਖਾਂ ਦੀ ਭਾਈਚਾਰਕ ਏਕਤਾ ਨੂੰ ਲੀਰੋ ਲੀਰ ਕਰ ਰਹੇ ਹਨ। ਅੱਜ ਇਥੇ ਇਹਨਾਂ ਦੇਸ਼ ਧਰੋਹੀਆਂ ਵਿਰੁਧ ਲੜਾਈ ਦਾ ਸੁਆਲ ਹੈ, ਇਹ ਪਰਮੁੱਖ ਚਣੌਤੀ ਹੈ। ਉਹਨਾਂ ਨੇ ਪੰਜਾਬ ਦੇ ਮਹਾਨ ਦੇਸ਼ ਭਗਤਕ ਵਿਰਸੇ ਦਾ ਇਤਿਹਾਸ ਛੁਹਿਆ। ਉਹਨਾਂ ਨੇ ਅਕਾਲ ਤਖਤ ਦੇ ਐਕਟਿੰਗ ਜਥੇਦਾਰ ਸ੍ਰੀ ਦਰਸ਼ਨ ਸਿੰਘ ਰਾਗੀ ਵਲੋਂ ਰਾਜਨੀਤੀ ਵਿਚ ਕੀਤੀ ਜਾ ਰਹੀ ਮੁਦਾਖਲਤ ਦੀ ਸਖਤ ਅਲੋਚਨਾ ਕਰਦਿਆਂ ਕਿਹਾ ਕਿ ਪਹਿਲਾਂ ਕਦੇ ਵੀ ਅਕਾਲ ਤਖਤ ਦੀ ਇਸ ਪ੍ਰਕਾਰ ਅਕਾਲੀ ਪਾਰਟੀ ਵਿਚ ਦਖਲ ਅੰਦਾਜ਼ੀ ਲਈ ਵਰਤੋਂ ਨਹੀਂ ਸੀ ਕੀਤੀ ਗਈ।

ਸਾਥੀ ਸੁਰਜੀਤ ਨੇ ਅਕਾਲ ਤਖਤ ਦੇ ਐਕਟਿੰਗ ਜਥੇਦਾਰ ਨੂੰ ਦਿਰ ਦੋ ਸਵਾਲ ਕੀਤੇ ਕਿ ਜੇ ਉਹ ਦੇਸ਼ ਦੀ ਏਕਤਾ ਦੇ ਕਾਇਮ ਰਹਿਣ ਦੀਆਂ ਗਲਾਂ ਕਰਦੇ ਹਨ ਤਾਂ ਉਹ ਇਹ ਸਪਸ਼ਟ ਕਰਨ ਕਿ 26 ਜਨਵਰੀ ਨੂੰ ਅਖੌਤੀ ਸਰਬਤ ਖਾਲਸੇ ਵਲੋਂ ਜਿਹੜੇ ਫੈਸਲੇ ਲਏ ਗਏ, ਜਿਹੜਾ ਉਥੇ ਖਾਲਿਸਤਾਨ ਦੀ ਮੰਗ ਲਈ ਲੜਾਈ ਦੀ ਪ੍ਰਸ਼ਟੀ ਕੀਤੀ ਗਈ ਉਸ ਬਾਰੇ ਸ੍ਰੀ ਰਾਗੀ ਦਾ ਕੀ ਸਟੈਂਡ ਹੈ, ਦੂਜਾ ਉਹ ਇਹ ਸਪਸ਼ਟ ਕਰਨ ਕਿ ਉਸ ਪੰਜ ਮੈਂਬਰੀ ਪੰਥਕ ਕਮੇਟੀ ਪ੍ਰਤੀ ਉਸਦਾ ਕੀ ਸਟੈਂਡ ਹੈ ਜਿਹੜੀ ਕਿ ਖਾਲਿਸਤਾਨ ਦੀ ਮੰਗ ਲਈ ਲੜਾਈ ਨੂੰ ਜਥੇਬੰਦ ਕਰ ਰਹੀ ਹੈ ਅਤੇ ਜਿਸਨੇ ਆਪਹੁਦਰਾ ਤੌਰ 'ਤੇ ਸਾਰੇ ਅਧਿਕਾਰ ਆਪ ਲੈ ਲਏ ਹੋਏ ਹਨ।

ਉਹਨਾਂ ਕਿਹਾ ਕਿ ਸ੍ਰੀ ਰਾਗੀ ਅਕਾਲ ਤਖਤ ਦੀ ਸ਼ਕਤੀ ਦੀ ਵਰਤੋਂ ਅੱਤਵਾਦੀਆਂ ਤੇ ਵੱਖਵਾਦੀਆਂ ਨੂੰ ਤਕੜਾ ਕਰਨ ਲਈ ਵਰਤ ਰਹੇ ਹਨ। ਅਕਾਲੀ ਦਲ ਦੇ ਗਠਨ ਤੋਂ ਪਿਛੋਂ ਕਦੇ ਵੀ ਅਜੇਹਾ ਨਹੀਂ ਸੀ ਹੋਇਆ ਕਿ ਅਕਾਲੀ ਦਲ ਵਿਚਲੇ ਮਤਭੇਦ ਅਕਾਲ ਤਖਤ ਦੀ ਮੁਦਾਖਲਤ ਕਰਕੇ ਸੁਲਝਾਏ ਗਏ ਹੋਣ। ਇਹ ਪਹਿਲੀਵਾਰ ਹੈ ਕਿ ਅਜੇਹੀ ਮਨਮਾਨੀ ਤੇ ਆਪਹੁਦਰਾਸ਼ਾਹੀ ਇਕਵਿਅਕਤੀ ਵਲੋਂ ਕੀਤੀ ਜਾ ਰਹੀ ਹੈ, ਜਿਹੜਾ ਮਰਜ਼ੀ ਨਾਲ ਦਲ ਤੋੜ ਦਿੰਦਾ ਹੈ, ਦਲ ਬਣਾ ਦਿੰਦਾ ਹੈ, ਨਵੇਂ ਦਲ ਦੇ ਇਕ ਦਫਤਰ ਦੇ ਵਡੇ ਜਣੇ ਤੇ ਉਸਦੀ ਨਿਯੁਕਤੀ ਵੀ ਸ੍ਰੀ ਰਾਗੀ ਨੇ ਹੀ ਕਰ ਦਿਤੀ ਹੈ।

ਸਾਥੀ ਸੁਰਜੀਤ ਨੇ ਬਾਦਲ ਤੇ ਟੌਹੜਾ ਦੇ ਅੱਤਵਾਦੀਆਂ


# DOSANJH & PIRANI

**#202 - 5887 Victoria Drive, Vancouver, B.C. V5P 3W5**

**Phone 327-6381**

● ਪਰਸਨਲ ਸੱਟਾਂ ਦੀ ਇਨਸ਼ੋਰੈਂਸ ਦੇ ਕੇਸ ● ਜ਼ਮੀਨ ਖ਼ੀਦਣ ਤੇ ਵੇਚਣ ਦੇ ਕਾਗਜ਼ਾਤ
● ਵਿਉਪਾਰਕ ਮਸਲੇ ● ਪ੍ਰਵਾਰ ਤੇ ਤਲਾਕ ● ਫੌਜਦਾਰੀ ਤੇ ਸਿਵਲ ● ਕੋਰਟ ਟਰਾਇਲ

ਦੇ ਹਥਾਂ ਵਿਚ ਖੇਡਣ ਦਾ ਜ਼ਿਕਰ ਕਰਦਿਆਂ ਕਿਹਾ ਕਿ ਇਹ ਆਗੂ ਗੱਦੀ ਦੀ ਹਵਸ ਲਈ ਇੰਨੇ ਡਿਗ ਗਏ ਹਨ ਕਿ ਇਨ੍ਹਾਂ ਨੂੰ ਪੰਜਾਬ ਦੇ ਹਿਤਾਂ ਅਤੇ ਦੇਸ਼ ਦੇ ਹਿਤਾਂ ਨਾਲ ਕੋਈ ਸਰੋਕਾਰ ਨਹੀਂ ਰਿਹਾ। ਅਮਰਿੰਦਰ ਸਿੰਘ ਅਜ ਵੀ ਕਹਿੰਦਾ ਫਿਰਦਾ ਹੈ ਕਿ ਉਸ ਦਾ ਅਨੰਦਪੁਰ ਮਤੇ ਪਹਿਲੇ ਹਿਸੇ ਨਾਲ ਕੋਈ ਸਬੰਧ ਨਹੀਂ ਉਹ ਦੇਸ਼ ਦੀ ਏਕਤਾ ਲਈ ਖਲੋਂਦਾ ਹੈ। ਐਪਰ ਜੇ ਅਜੇਹਾ ਹੁੰਦਾ ਤਾਂ ਉਹ ਅਜ ਇਸ ਇਕਠ 'ਚ ਹੁੰਦਾ, ਦੇਸ਼ ਦੀ ਏਕਤਾ ਦੀ ਰਾਖੀ ਅਤੇ ਅੱਤਵਾਦੀਆਂ ਦੀ ਪਰਦਾਪੋਸ਼ੀ ਤੇ ਸਾਥ ਨਾਲੋ ਨਾਲ ਨਹੀਂ ਚਲ ਸਕਦੇ।

ਸੀ. ਪੀ. ਆਈ. (ਐਮ) ਆਗੂ ਨੇ ਜ਼ੋਰ ਦੇ ਕੇ ਕਿਹਾ ਕਿ ਅਜ ਜਦੋਂ ਫਿਰਕਾਪ੍ਰਸਤ, ਵਖਵਾਦੀ ਸ਼ਕਤੀਆਂ ਨੇ ਧਰਮ ਦੇ ਨਾਂਅ ਤੇ ਸਾਮਰਾਜੀਆਂ ਦੀ ਸ਼ਹਿ ਉਪਰ ਦੇਸ਼ ਨੂੰ ਟੁਕੜੇ ਕਰਨ ਤੇ ਤੁਲੇ ਹੋਏ ਹਨ, ਸਾਮਰਾਜੀ ਦੇਸ਼ ਦੀ ਅਮਨ ਪੱਖੀ ਗੁਟਨਿਰਲੇਪ ਨੀਤੀ ਨੂੰ ਬਦਲਣ ਲਈ ਦਬਾਅ ਪਾ ਤੇ ਅਸਥਿਰਤਾ ਪਾ ਰਹੇ ਹਨ ਸੁਆਲ ਦੇਸ਼ ਦੀ ਏਕਤਾ ਤੇ ਅਖੰਡਤਾ ਦੀ ਰਾਖੀ ਅਤੇ ਅਜ਼ਾਦੀ ਦੀ ਰਾਖੀ ਦਾ ਸਭ ਤੋਂ ਮੂਹਰੇ ਆ ਗਿਆ ਹੋਇਆ ਹੈ, ਇਸ ਕਰਕੇ ਇਥੇ ਜੁੜੀਆਂ ਰਾਜਸੀ ਪਾਰਟੀਆਂ ਬਾਵਜੂਦ ਮਤਭੇਦਾਂ ਦੇ ਵਖੋ ਵਖਰੀਆਂ ਵਿਚਾਰਧਾਰਾਵਾਂ ਦੇ ਦੇਸ਼ ਦੀ ਏਕਤਾ ਦੀ ਰਖੀ ਦੇ ਸੁਆਲ ਉਪਰ, ਇਕਮਤ ਹਨ। ਬਰਨਾਲਾ ਵਲੋਂ ਲਏ ਸਟੈਂਡ, ਅੱਤਵਾਦ ਵਖਵਾਦ ਵਿਰੁਧ ਅਤੇ ਦੇਸ਼ ਦੀ ਏਕਤਾ ਲਈ ਲੜਨ ਦੇ ਇਰਾਦੇ ਦੀ ਸਰਾਹਨਾ ਲਈ ਅਤੇ ਉਸ ਨੂੰ ਸਮਰਥਨ ਦੇਣ ਲਈ ਜੁੜੀਆਂ ਹਨ। ਪੰਜਾਬ ਨੂੰ ਬਚਾਉਣਾ ਦੇਸ਼ ਨੂੰ ਬਚਾਉਣਾ ਹੈ। ਇਸ ਲਈ ਉਹਨਾਂ ਕਿਹਾ ਕਿ ਮੈਂ ਪ੍ਰਧਾਨ ਮੰਤਰੀ ਨੂੰ ਅਪੀਲ ਕਰਦਾ ਹਾਂ ਕਿ ਉਹ ਕੁਝ ਅੜਿਕੇ ਦੂਰ ਕਰੇ, ਪੰਜਾਬ ਸਮਝੌਤਾ ਲਾਗੂ ਕਰੇ ਤਾਂ ਕਿ ਬਰਨਾਲਾ ਦੇ ਹਥ ਮਜ਼ਬੂਤ ਹੋਣ। ਇਸ ਨਾਲ ਪੰਜਾਬ ਵਿਚ ਉਸਰ ਰਹੀ ਇਸ ਸਾਂਝੀ ਲਹਿਰ ਨੂੰ ਭਾਰੀ ਹੁੰਗਾਰਾ ਮਿਲੇਗਾ। ਉਹਨਾਂ ਜ਼ੋਰਦਾਰ ਹੋਕਾ ਦਿਤਾ ਕਿ ਐ ਸ਼ਹੀਦ ਭਗਤ ਸਿੰਘ, ਸਰਾਭਾ, ਗਦਰੀ ਸੂਰਬੀਰਾਂ, ਬਬਰ ਅਕਾਲੀਆਂ, ਅਤੇ ਕਮਿਊਨਿਸਟ ਸ਼ਹੀਦਾਂ ਚੰਨਣ ਸਿੰਘ ਧੂਤ, ਗੁਲਸ਼ਨ ਅਤੇ ਦਰਸ਼ਨ ਸਿੰਘ ਕਨੇਡੀਅਨ ਅਤੇ ਹੋਰ ਯੋਧਿਆਂ ਦੇ ਵਾਰਸੋ ਰੈਲੀ ਦਾ ਸੁਨੇਹਾ ਘਰ ਘਰ ਲਿਜਾਉ, ਪਿੰਡਾਂ ਵਿਚ ਦੇਸ਼ਭਗਤੀ ਦਾ ਅਜੇਹਾ ਵਾਤਾਵਰਨ ਬਣਾਉ ਕਿ ਇਹ ਬੁਜ਼ਦਿਲ ਤੇ ਕਾਇਰ ਅੱਤਵਾਦੀ ਵਖਵਾਦੀ ਘੋਰ ਨਫਰਤ ਦਾ ਪਾਤਰ ਬਣ ਜਾਣ, ਕੋਈ ਉਹਨਾਂ ਨੂੰ ਪਿੰਡ 'ਚ ਪਨਾਹ ਨਾ ਦੇਵੇ, ਇਹਨਾਂ ਕਾਇਰਾਂ ਨੂੰ ਜਾਨਾਂ ਦੀ ਬਾਜ਼ੀਆਂ ਲਾ ਕੇ ਦਸ ਦਿਉ ਕਿ ਹੁਣ ਦੇਸ਼ ਭਗਤੀ ਦੇ ਵਾਰਸ ਉਠ ਖੜੇ ਹੋਏ ਹਨ, ਜਾਨਾਂ ਦੀ ਪਰਵਾਹ ਨਾ ਕਰਦੇ ਹੋਏ ਉਹ ਅੱਤਵਾਦ ਤੇ ਵੱਖਵਾਦ ਨੂੰ ਨਖੇੜ ਕੇ ਤੇ [illegible] ਕੇ ਹੀ ਦਮ ਲੈਣਗੇ। ਦੇਸ਼ ਦੀ ਏਕਤਾ ਦੀ ਰਾਖੀ, ਪੰਜਾਬੀ ਲੋਕਾਂ ਦੀ ਏਕਤਾ ਦੀ ਰਾਖੀ, ਕਿਸਾਨਾਂ, ਮਜ਼ਦੂਰਾਂ ਵਿਦਿਆਰਥੀ ਲਹਿਰਾਂ ਦੀ ਏਕਤਾ ਦੀ ਰਾਖੀ ਦਾ ਇਹੀ ਤਕਾਜ਼ਾ ਹੈ।

ਅਸੀਂ ਅੱਤਵਾਦ ਤੇ ਵੱਖਵਾਦ ਵਿਰੁਧ ਇਸ ਸਾਂਝੀ ਜਨਤਕ ਵਿਸ਼ਾਲ ਰੈਲੀ ਦੀ ਸਫਲਤਾ 'ਤੇ ਧਰਮ ਨਿਰਪੱਖ ਤੇ ਦੇਸ਼ ਭਗਤਕ ਸ਼ਕਤੀਆਂ ਅਤੇ ਪੰਜਾਬੀ ਲੋਕਾਂ ਨੂੰ ਵਧਾਈ ਦਿੰਦੇ ਹਾਂ। ਇਸੇ ਸੇਧ 'ਚ ਸਾਂਝੀ ਕਾਰਵਾਈ ਯੋਜਨਾ ਦੇ ਅਗਲੇ ਦੋ ਜਨਤਕ ਐਕਸ਼ਨਾਂ-23 ਮਾਰਚ ਨੂੰ ਖਟਕੜਕਲਾਂ (ਸ਼ਹੀਦ ਭਗਤ ਸਿੰਘ ਦੇ ਜੱਦੀ ਪਿੰਡ) ਅਤੇ ਹੁਸੈਨੀਵਾਲਾ ਵਿਖੇ (ਸ਼ਹੀਦਾਂ ਦੀ ਸਮਾਧ) ਵਿਖੇ ਵਿਸ਼ਾਲ ਸਾਂਝੇ ਇਕੱਠਾਂ ਦੀ ਸਫਲਤਾ ਲਈ ਹੁਣ ਤੋਂ ਹੀ ਸਭੇ ਧਿਰਾਂ ਨੂੰ ਜੁਟ ਜਾਣਾ ਚਾਹੀਦਾ ਹੈ, ਲੁਧਿਆਣਾ ਰੈਲੀ ਦੇ ਸੰਦੇਸ਼ ਨੂੰ ਪਿੰਡ ਪਿੰਡ ਤੇ ਘਰ ਘਰ ਲਿਜਾ ਕੇ ਇਕ ਐਸਾ ਵਾਤਾਵਰਨ ਪੈਦਾ ਕਰ ਦਿਤਾ ਜਾਣਾ ਚਾਹੀਦਾ ਹੈ, ਜਿਸ ਨਾਲ ਪਿੰਡ ਪਿੰਡ ਮੁਹੱਲੇ ਮੁਹੱਲੇ ਇਕ ਦੇਸ਼ ਭਗਤਕ ਮੋਰਚਾ ਉਸਰ ਜਾਵੇ ਅਤੇ ਸਾਮਰਾਜੀ ਏਜੰਟਾਂ ਖਾਲਿਸਤਾਨੀ ਦਹਿਸ਼ਤਗਰਦਾਂ ਨੂੰ ਕੋਈ ਮੂੰਹ ਨਾ ਲਾਵੇ ਅਤੇ ਉਹਨਾਂ ਨੂੰ ਭੱਜਣ ਨੂੰ ਵੀ ਥਾਂ ਨਾ ਮਿਲੇ।

ਅਸੀਂ ਇਥੇ ਕੇਂਦਰ ਸਰਕਾਰ ਉਪਰ ਫਿਰ ਜ਼ੋਰ ਦੇਣਾ ਚਾਹੁੰਦੇ ਹਾਂ ਕਿ ਉਹ ਪੰਜਾਬ ਸਮਝੌਤੇ ਨੂੰ ਲਾਗੂ ਕਰਨ ਵਿਚ ਅਤੇ ਜੋਧਪੁਰ ਜੇਲ੍ਹ 'ਚ ਨਜ਼ਰਬੰਦ ਬੇਦੋਸ਼ਿਆਂ ਦੀ ਰਿਹਾਈ ਵਰਗੇ ਅੜਿੱਕੇ ਦੂਰ ਕਰਨ ਵਿਚ ਭੋਰਾ ਜਿੰਨੀ ਦੇਰੀ ਨਾ ਲਾਵੇ, ਪੰਜਾਬ 'ਚ ਅੱਤਵਾਦ ਵੱਖਵਾਦ ਵਿਰੁਧ ਅਤੇ ਧਾਰਮਿਕ ਰੂੜੀਵਾਦ ਵਿਰੁਧ ਉਭਰ ਰਹੀ ਸਾਂਝੀ ਜਨਤਕ ਲਹਿਰ ਨੂੰ ਇਹਨਾਂ ਕਦਮਾਂ ਨਾਲ ਭਾਰੀ ਤਾਕਤ ਮਿਲੇਗੀ।

ਅਖੀਰ 'ਚ ਅਸੀਂ ਫਿਰ ਕਾਮਨਾ ਕਰਦੇ ਹਾਂ ਕਿ ਅੱਤਵਾਦ ਵੱਖਵਾਦ ਵਿਰੁਧ ਅਤੇ ਧਾਰਮਿਕ ਰੂੜੀਵਾਦ ਵਿਰੁਧ ਉਠੀ ਇਹ ਦੇਸ਼ ਭਗਤਕ ਸਾਂਝੀ ਜਨਤਕ ਲਹਿਰ ਹੋਰ ਤੇਜ਼ੀ ਨਾਲ ਵਧੇ ਫੁਲੇ ਤਾਂ ਕਿ ਪੰਜਾਬ 'ਚ ਛੇਤੀ ਅਮਨ ਕਾਇਮ ਹੋਵੇ, ਫਿਰਕੂ ਸਦਭਾਵਨਾ ਦਾ ਮਹੌਲ ਬਣੇ ਅਤੇ ਦੇਸ਼ ਦੀ ਏਕਤਾ ਤੇ ਅਖੰਡਤਾ ਸੁਰਖਿਅਤ ਹੋਵੇ। (ਐਡੀਟੋਰੀਅਲ ਰੋਜ਼ਾਨਾ ਲੋਕ ਲਹਿਰ ਜਲੰਧਰ)

# ਐ ਮੇਰੇ ਪੰਜਾਬ ਪਿਆਰੇ

## ਸੁਰਿੰਦਰ ਸ਼ਾਂਤ

ਐ ਮੇਰੇ ਪੰਜਾਬ ਪਿਆਰੇ।
ਵਾਰਿਸ ਵਾਂਗੂੰ ਸ਼ਿਵ ਵੀ ਤੈਨੂੰ
ਰੋ ਰੋ ਕੇ ਅੱਜ ਵਾਜਾਂ ਮਾਰੇ।

ਕਿਹੜੀ ਹੋਣੀ ਟੂਣਾ ਕਰ ਗਈ।
ਕਿਹੜੀ ਚੰਦਰੀ ਕਰ ਗਈ ਕਾਰੇ।
ਵੱਢ ਕੇ ਬਾਹਾਂ ਵਿਹੜੇ ਦੇ ਵਿੱਚ
ਖੂਨ ਦੇ ਛਿੱਟੇ ਕੌਣ ਖਿਲਾਰੇ।
ਐ ਮੇਰੇ ਪੰਜਾਬ.........

ਭਾਈ ਦੀ ਬਿਰਤੀ ਖੰਡਿਤ ਹੋ ਗਈ।
ਪੰਡਿਤ ਦੀ ਨੀਅਤ ਭੰਗ ਹੋ ਗਈ।
ਧੂਫਾਂ ਵਿਚ ਬਾਰੂਦ ਦੀ ਬੋ ਏ।
ਜੋਤਾਂ ਵਿਚ ਸਿਵਿਆਂ ਦੀ ਲੋ ਏ।
ਅਰਦਾਸ ਵਿਚਾਰੀ ਕਮਲੀ ਹੋ ਗਈ।
ਮੰਦਿਰ ਦੇ ਵਿਚ ਆਰਤੀ ਹੋ ਪਈ।
ਸੱਜੀ ਬਾਹ ਖੱਬੀ ਨੂੰ ਵੱਢੇ
ਵੇਖੋ ਵੀਰ ਵੀਰਾਂ ਨੂੰ ਮਾਰੇ।
ਐ ਮੇਰੇ ਪੰਜਾਬ ਪਿਆਰੇ......

ਨਾ ਕੋਈ ਸੱਥ ਵਿਚ ਹੀਰ ਸੁਣਾਵੇ।
ਨਾ ਕੋਈ ਪਾਲੀ ਹੇਕਾਂ ਲਾ ਲਾ,
ਜਾਨ ਤੋਂ ਪਿਆਰਾ ਮਿਰਜ਼ਾ ਗਾਵੇ।
ਨਾ ਗਿੱਧਿਆਂ ਦੀ ਰਾਣੀ ਲੋਕਾ,
ਭੱਤਾ ਲੈ ਖੇਤਾਂ ਨੂੰ ਜਾਵੇ।
ਲੱਖਾਂ ਭੈਣਾਂ ਵਿਧਵਾ ਹੋਈਆਂ,
ਮੀਢੀਆਂ ਪੁੱਟ ਪੁੱਟ,ਫੁੱਟ ਫੁੱਟ ਰੋਈਆਂ।
ਮਾਂਗਾਂ 'ਚੋਂ ਸੰਧੂਰ ਲਹਿ ਗਿਆ,
ਕਹਿਰਾਂ ਦਾ ਪਾਹੜ ਢਹਿ ਪਿਆ।
ਪਗੜੀ ਟੋਪੀ ਦੋਹੋਂ ਲਾਹ ਕੇ
ਕੀਤੇ ਨੇ ਸਭ ਲੀਰ ਲੰਗਾਰੇ

ਇਹ ਜੋ ਜਾਬਰ ਟੋਲੇ ਫਿਰਦੇ
ਸਾਮਰਾਜ ਦੇ ਏਜੰਟ ਸਾਰੇ।
ਐ ਮੇਰੇ ਪੰਜਾਬ ਪਿਆਰੇ......

ਜੀਭਾਂ ਤੇ ਕਾਨੂੰਨ ਦਾ ਤਾਲਾ
ਕਲਮਾਂ ਤੇ ਕਾਨੂੰਨ ਦਾ ਤਾਲਾ
ਗੀਤਾਂ ਤੇ ਸੰਗੀਨ ਦਾ ਪਹਿਰਾ
ਸੋਚਾਂ ਤੇ ਕਾਨੂੰਨ ਦਾ ਪਹਿਰਾ।
ਹਾਕਮ ਦੋਸ਼ੀ ਮੌਜਾਂ ਲੈਂਦੇ।
ਲੋਕੀਂ ਗਿਣ ਗਿਣ ਸਾਹ ਨੇ ਲੈਂਦੇ।
ਕੈਸੀ ਸਮੇਂ ਕੁਲਹਿਣੀ ਕੀਤੀ।
ਬੇਵਿਸ਼ਵਾਸ਼ੀ, ਬੇ-ਪਰਤੀਤੀ।
ਆਪਣੀ ਆਪਣੀ ਹੋਂਦ ਭੁਲਾਈ।
ਨਾ ਕੋਈ ਸੱਜਣ ਨਾ ਕੋਈ ਭਾਈ।
ਕਿਸ ਨੇ ਫੁੱਟ ਦੇ ਬੀਜ ਖਿਲਾਰੇ।
ਐ ਮੇਰੇ ਪੰਜਾਬ ਪਿਆਰੇ......

ਕੁਝ ਤਾਂ ਆਪਣਾ ਮੂਲ ਪਛਾਣ।
ਅਸਲੀ ਦੁਸ਼ਮਣ ਨੂੰ ਤੂੰ ਜਾਣ।
ਭਗਤ ਸਿੰਘ ਦਾ ਵੀਰਾ ਤੂੰ ਏਂ,
ਊਧਮ ਸਿੰਘ ਦੀ ਤੂੰ ਏਂ ਜਾਨ।
ਹਿੰਦੂ, ਸਿੱਖ, ਨਾ ਮੁਸਲਮਾਨ।
ਇਕ ਕਿਰਤੀ ਹੈ, ਇਕ ਲੋਟੂ ਹੈ
ਬਾਕੀ ਤਾਂ ਸਭ ਢੋਂਗ ਨੇ ਸਾਰੇ।
ਐ ਮੇਰੇ ਪੰਜਾਬ ਪਿਆਰੇ।
ਵਾਰਿਸ ਵਾਂਗੂੰ ਸ਼ਿਵ ਵੀ ਤੈਨੂੰ
ਰੋ ਰੋ ਕੇ ਅੱਜ ਵਾਜਾਂ ਮਾਰੇ।

# ਹਥਿਆਰਾਂ ਦੀ ਦੌੜ ਕੌਣ ਤੇਜ਼ ਕਰਦਾ ਹੈ

80ਵਿਆਂ ਵਿਚ ਅਮਰੀਕਾ ਵਿਚ ਸਭ ਖੇਤਰਾਂ ਵਿਚ ਹਥਿਆਰਾਂ ਦੀ ਦੌੜ ਦੀ ਗਤੀ ਉਚੇਚੇ ਤੌਰ ਉਤੇ ਵਧ ਗਈ ਹੈ। ਧਰਤੀ ਉਤੇ, ਸਮੁੰਦਰ ਵਿਚ ਅਤੇ ਹਵਾ ਵਿਚ ਮਾਰ ਕਰਨ ਵਾਲੇ ਹਥਿਆਰਾਂ ਤੋਂ ਸੰਤੁਸ਼ਟ ਨਾ ਹੁੰਦਿਆਂ, ਅਮਰੀਕੀ ਰਣਨੀਤਕਾਂ ਨੇ ਇਸ ਦੌੜ ਨੂੰ ਪੁਲਾੜ ਵਲ ਵਧਾਉਣਾ ਤੈਅ ਕੀਤਾ ਹੈ। ਕੁਝ ਹੱਦ ਤਕ ਇਸ ਦੌੜ ਵਿਚਲੀ ਨਵੀਨਤਮ ਤੇਜ਼ੀ ਇਸ ਕਰਕੇ ਹੋਈ ਹੈ ਕਿ ਪੱਛਮ ਵਿਚਲੇ ਸਤਧਾਰੀ ਇਦਾਰੇ ਅਤੇ ਫੌਜਵਾਦੀ ਦਿਮਾਗੀਏ ਰਾਜਨੀਤਕ ਇਸ ਗਲੋਂ ਡਰਕੇ ਜਲਦੀ ਮਚਾ ਰਹੇ ਹਨ ਕਿ ਕਿਤੇ ਅਮਨ ਦੀਆਂ ਤਾਕਤਾਂ ਫੌਜੀ ਪਰਮੁਖਤਾ ਪ੍ਰਾਪਤ ਕਰਨ ਦੀਆਂ ਉਹਨਾਂ ਦੀਆਂ ਯੋਜਨਾਵਾਂ ਨੂੰ ਨਸ਼ਟ ਨਾ ਕਰ ਦੇਣ। ਇਹਨਾਂ ਤੱਥਾਂ ਦਾ ਪਰਗਟਾਵਾ ਹਾਲ ਹੀ ਵਿਚ ਸੋਵੀਅਤ ਯੂਨੀਅਨ ਵਿਚ ਜਾਰੀ ਕੀਤੀ ਗਈ ਪੁਸਤਕ "ਅਮਨ ਨੂੰ ਖਤਰਾ ਕਿਥੋਂ ਹੈ" ਦੇ ਨਵੇਂ ਐਡੀਸ਼ਨ ਵਿਚ ਹੋਇਆ ਹੈ।

ਜਦੋਂ ਵੀ ਨਿਸ਼ਸਤਰੀਕਰਨ ਲਈ ਗਲਬਾਤਾਂ ਵਿਚ ਪਰਸਪਰ ਤੌਰ ਉਤੇ ਪਰਵਾਨ ਕਰਨ ਯੋਗ ਸਮਝੌਤੇ ਪਰਵਾਨ ਕਰਨ ਦਾ ਅਵਸਰ ਆਉਂਦਾ, ਉਦੋਂ ਹੀ ਪੈਂਟਾਗਨ ਇਕ ਨਵੇਂ ਹਥਿਆਰਾਂ ਜਾਂ ਤਕਨਾਲੋਜੀ ਜੀ ਦਾ ਨਿਰਮਾਣ ਕਰ ਲੈਂਦਾ ਹੈ। ਪੱਛਮੀ ਰਾਜਨੀਤਕ ਫੌਰਨ ਹੀ ਇਸ ਦੀ ਵਰਤੋਂ ਇਕ ਸੌਦੇਬਾਜ਼ੀ ਦੇ ਟੋਟੇ ਵਜੋਂ ਬਰਾਬਰੀ ਨੂੰ ਖਤਮ ਕਰਨ ਲਈ, ਮਜ਼ਬੂਤੀ ਦੀ ਪੁਜ਼ੀਸ਼ਨ ਦਾ ਨਿਰਮਾਣ ਕਰਨ ਲਈ ਅਤੇ ਇੰਜ ਪੂਰਬਲੇ ਜਾਂ ਸੰਭਾਵਤ ਸਮਝੌਤਿਆਂ ਨੂੰ ਕੁਰਾਹੇ ਪਾਉਣ ਲਈ ਕਰਦੇ ਹਨ।

ਸਤਾਧਾਰੀ ਹਮਲਾਵਰ ਹਲਕਿਆਂ, ਜਿਹੜੇ ਕਿ ਵਿਸ਼ਵ ਵਿਆਪੀ ਪਰਮੁਖਤਾ ਹਾਸਲ ਕਰਨ ਦਾ ਦਾਅਵਾ ਕਰਦੇ ਹਨ, ਦੀਆਂ ਹਦਾਇਤਾਂ ਪਰਾਪਤ ਕਰਨ ਲਈ ਬਣਾਇਆ ਗਿਆ ਅਮਰੀਕੀ ਫੌਜੀ ਸਿਧਾਂਤ ਸਭ ਕਿਸਮ ਦੇ ਆਧੁਨਿਕ ਹਥਿਆਰਾਂ ਉਤੇ ਜਿਸ ਵਿਚ ਪਹਿਲਾਂ ਮਾਰ ਕਰਨ ਵਾਲੇ ਰਖਿਆਤਮਕ ਹਥਿਆਰ ਸ਼ਾਮਲ ਹਨ, ਨਿਰਭਰ ਕਰਦਾ ਹੈ। ਇਸ ਤੋਂ ਉਲਟ ਸੋਵੀਅਤ ਫੌਜੀ ਸਿਧਾਂਤ ਦਾ ਸੁਭਾਅ ਉਕਾ ਹੀ ਰਖਿਆਤਮਕ ਹੈ। ਸੋਵੀਅਤ ਯੂਨੀਅਨ ਫੌਜੀ ਪਰਮੁਖਤਾ ਹਾਸਲ ਕਰਨਾ ਨਹੀਂ ਲੋਚਦਾ ਅਤੇ ਨਿਊਕਲਿਆਈ ਅਤੇ ਰਵਾਇਤੀ ਦੋਵੇਂ ਤਰਾਂ ਦੇ ਹਥਿਆਰਾਂ ਦੀ ਵਰਤੋਂ ਵਿਚ ਪਹਿਲ ਕਰਨ ਦੀ ਨਿਖੇਧੀ ਕਰਦਾ ਹੈ।

ਹਥਿਆਰਾਂ ਦੀ ਦੌੜ ਦਾ ਸਬੰਧੀ ਵਿਸ਼ਲੇਸ਼ਣ ਇਸ ਤੱਥ ਦੀ ਪੁਸ਼ਟੀ ਕਰਦਾ ਹੈ ਕਿ ਕਿਸੇ ਵੀ ਆਧੁਨਿਕ ਹਥਿਆਰਾਂ ਦੀ ਪਰਣਾਲੀ ਵਿਚ ਅਤੇ ਹਥਿਆਰਾਂ ਦੀ ਦੌੜ ਦੀ ਅਨੁਸਾਰੀ ਵਿਚ ਸੋਵੀਅਤ ਯੂਨੀਅਨ ਪਹਿਲਕਰਤਾ ਨਹੀਂ ਬਣਿਆ। ਉਸ ਨੂੰ ਹਮੇਸ਼ਾਂ ਬਰਾਬਰੀ ਰਾਹੀਂ ਆਪਣੀ ਸੁਰਖਿਆ ਦੀ ਰਾਖੀ ਦੇ ਅਮਲ ਵਿਚ ਅਮਰੀਕਾ ਦੇ ਬਰਾਬਰ ਪਹੁੰਚਣਾ ਪਿਆ ਹੈ। ਇਹੀ ਗੱਲ 50ਵਿਆਂ ਵਿਚ ਪਰਮਾਣੂ ਹਥਿਆਰਾਂ ਤੇ ਭਾਰੀ ਬੰਬਾਰੂ ਹਵਾਈ ਜਹਾਜ਼ਾਂ ਲਈ, 60ਵਿਆਂ ਵਿਚ ਸੀ. ਬੀ. ਐਮ. ਐਸ ਲਈ, 70ਵਿਆਂ ਵਿਚ ਐਮ. ਆਈ, ਆਰ. ਵੀ ਹਥਿਆਰਾਂ ਲਈ, 50ਵਿਆਂ ਵਿਚ ਨਿਊਕਲਿਆਈ ਤਾਕਤ ਵਾਲੀਆਂ ਪਣਡੁੱਬੀਆਂ ਲਈ, 70ਵਿਆਂ ਵਿਚ ਲੰਮ-ਮਿਆਦੀ ਕਰੂਜ਼ ਮਿਜ਼ਾਇਲਾਂ ਲਈ, 60ਵਿਆਂ ਵਿਚ ਨਿਊਕਲਿਆਈ ਜੰਗੀ ਹਵਾਈ ਜਹਾਜ਼ ਢੋਊ ਜਹਾਜ਼ਾਂ ਲਈ 70ਵਿਆਂ ਅਤੇ 80ਵਿਆਂ ਵਿਚ ਨਿਊਟਰੋਨ ਬੰਬਾਂ ਲਈ ਅਤੇ ਦੂਹਰੇ ਰਸਾਇਣਕ ਹਥਿਆਰਾਂ ਲਈ, ਅਤੇ ਅੰਤ ਵਿਚ 80ਵਿਆਂ ਵਿਚ ਪੁਲਾੜ ਵਿਚ ਮਾਰ ਕਰਨ ਵਾਲੇ ਹਥਿਆਰਾਂ ਲਈ ਸਹੀ ਸੀ। ਇਸ ਸਬੰਧ ਵਿਚ ਇਹ ਗੱਲ ਨੋਟ ਕੀਤੀ ਜਾਣੀ ਚਾਹੀਦੀ ਹੈ ਕਿ ਇਹਨਾਂ ਹਥਿਆਰਾਂ ਦੀਆਂ ਪਰਣਾਲੀਆਂ ਵਿਚੋਂ ਅੰਤਿਮ ਚਾਰ ਹਾਲੇ ਤੀਕ ਸੋਵੀਅਤ ਯੂਨੀਅਨ ਵਿਚ ਮੌਜੂਦ ਨਹੀਂ ਹਨ।

ਇਸ ਤਰਾਂ ਵਿਵਾਦਹੀਣ ਤੱਥਾਂ ਦਾ ਨਿਰਪੱਖ ਵਿਸ਼ਲੇਸ਼ਣ ਇਸ ਸਿਟੇ ਤਕ ਲਿਜਾਂਦਾ ਹੈ ਕਿ ਅਮਨ ਨੂੰ ਖਤਰਾ ਅਮਰੀਕੀ ਜੰਗੀ ਮਸ਼ੀਨ ਤੋਂ, ਅਮਰੀਕੀ ਰਾਜ ਪਰਬੰਧ ਦੇ ਫੌਜੀ ਅਮਲ ਤੋਂ ਅਤੇ ਤਾਕਤ ਦੀ ਰਾਜਨੀਤੀ ਦੇ ਸਾਧਨਾਂ ਰਾਹੀਂ ਕੌਮਾਂਤਰੀ ਮਾਮਲੇ ਨਿਬੇੜਨ ਦੀਆਂ ਉਸ ਦੀਆਂ ਕੋਸ਼ਿਸ਼ਾਂ ਤੋਂ ਪੈਦਾ ਹੁੰਦਾ ਹੈ। ਇਹ ਪੁਸਤਕ ਬਹੁਤ ਲਾਹੇਵੰਦੀ ਹੈ ਅਤੇ ਇਸ ਸਿਟੇ ਨੂੰ ਕਾਇਲ ਕਰਨ ਵਾਲੇ ਢੰਗ ਨਾਲ ਸਿਧ ਕਰਦੀ ਹੈ।

## ਗਰੀਬੀ ਨੂੰ ਦੂਰ ਕਰਨ ਲਈ ਨਿਸ਼ਸਤਰੀਕਰਨ ਜ਼ਰੂਰੀ ਹੈ

ਫੌਜੀ ਖੇਤਰ 'ਵਿਚ ਵਰਤੇ ਜਾ ਰਹੇ ਸੋਮਿਆਂ ਨੂੰ ਸਮਾਜਕ-ਆਰਥਕ ਵਿਕਾਸ ਵੱਲ ਲਿਆਉਣ ਦਾ ਮਸਲਾ ਸੰਸਾਰ ਨੂੰ, ਉਚੇਚੇ ਤੌਰ ਤੇ ਵਿਕਾਸਸ਼ੀਲ ਕੌਮਾਂ ਨੂੰ ਦਰਪੇਸ਼ ਇਕ ਭਖਦਾ ਮਸਲਾ ਹੈ। ਇਸ ਗੱਲ ਉਤੇ ਕੁਦਰਤੀ ਤੌਰ ਤੇ ਮਾਸਕੋ ਵਿਚ ਹਾਲ ਹੀ ਵਿਚ ਆਯੋਜਿਤ ਹੋਏ ਕੌਮਾਂਤਰੀ ਫੋਰਮ "ਨਿਊਕਲਿਆਈ ਹਥਿਆਰਾਂ ਤੋਂ ਮੁਕਤ ਸੰਸਾਰ ਲਈ, ਮਨੁੱਖਜਾਤੀ ਦੇ ਬਚਾਓ ਲਈ" ਵਿਚ ਜ਼ੋਰ ਦਿਤਾ ਗਿਆ। ਫੋਰਮ ਨੂੰ ਕੀਤੇ ਆਪਣੇ ਸੰਬੋਧਨ ਵਿਚ ਸੋਵੀਅਤ ਦੀ ਕਮਿਊਨਿਸਟ ਪਾਰਟੀ ਦੀ ਕੇਂਦਰੀ ਕਮੇਟੀ ਦੇ ਜਨਰਲ ਸਕੱਤਰ ਮਿਖਾਇਲ ਐਸ. ਗੋਰਬਾਚੋਵ ਨੇ ਜ਼ੋਰ ਨਾਲ ਕਿਹਾ ਕਿ ਭਾਰੀ ਲੋੜਾਂ ਅਤੇ ਸਮੂਹਕ ਭੁੱਖਮਰੀ ਤੋਂ ਪੀੜਤ ਦੇਸ਼ਾਂ ਨੂੰ ਵਿਨਾਸ਼ਕਾਰੀ ਹਥਿਆਰਾਂ ਦੀ ਦੌੜ ਦੀ ਘੁੰਮਣ-ਘੇਰੀ ਵਿਚ ਝੋਕਿਆ ਜਾ ਰਿਹਾ ਹੈ।

ਹਥਿਆਰ, ਜਿਹਨਾਂ ਨੇ ਕਿ ਬਹੁਗਣੀ ਮਾਰ ਕਰਨ ਦੀ ਸਮਰਥਾ ਧਾਰ ਲਈ ਹੈ, ਵਿਕਾਸ ਵਿਚ ਖਰਚ ਕੀਤੇ ਜਾ ਸਕਣ ਵਾਲੇ ਵਿਸ਼ਾਲ ਪਦਾਰਥਕ ਅਤੇ ਮਾਨਵੀ ਸੋਮਿਆਂ ਨੂੰ ਹੜੱਪ ਲੈਂਦੇ ਹਨ। ਸੰਯੁਕਤ ਰਾਸ਼ਟਰ ਦਾ ਕਹਿਣਾ ਹੈ ਕਿ ਕੁਲ 5 ਕਰੋੜ ਤੋਂ ਵਧ ਲੋਕ, ਜਿਹਨਾਂ ਵਿਚ ਉਚ-ਹੁਨਰੀ ਵਿਸ਼ੇਸ਼ੱਗ ਵੀ ਸ਼ਾਮਲ ਹਨ, ਗੋਲਾ-ਬਾਰੂਦ ਦੇ ਉਤਪਾਦਨ ਵਿਚ ਲੱਗੇ ਹੋਏ ਹਨ। ਸੰਸਾਰ ਦਾ ਸਾਲਾਨਾ ਫੌਜੀ ਖਰਚਾ 900 ਅਰਬ ਡਾਲਰਾਂ ਦੀ ਵਿਸ਼ਾਲ ਰਕਮ ਤਕ ਪਹੁੰਚ ਗਿਆ ਹੈ। ਜਿਸਦਾ ਮਤਲਬ ਇਹ ਹੈ ਕਿ ਨੇੜ-ਭਵਿਖ ਵਿਚ, ਹਥਿਆਰਾਂ ਉਤੇ ਹਰ ਰੋਜ਼ 2.5 ਅਰਬ ਡਾਲਰ ਖਰਚ ਕੀਤੇ ਜਾਣਗੇ।

ਇਹ ਸਥਿਤੀ ਰੀਗਨ ਰਾਜ-ਪ੍ਰਬੰਧ ਦੇ ਤਾਰਾ ਜੰਗ ਪ੍ਰੋਗਰਾਮ ਕਰਕੇ ਹੋਰ ਵੀ ਵਿਗੜ ਗਈ ਹੈ। ਅਮਰੀਕੀ ਮਾਹਿਰਾਂ ਦਾ ਅੰਦਾਜ਼ਾ ਹੈ ਕਿ ਇਸ ਉਤੇ ਤਿੰਨ ਖਰਬ ਡਾਲਰ ਖਰਚ ਕੀਤੇ ਜਾਣਗੇ। ਭੂਤਪੂਰਵ ਅਮਰੀਕੀ ਰੱਖਿਆ ਸਕੱਤਰ ਰੌਬਰਟ ਮੈਕਨਮਾਰਾ ਅਨੁਸਾਰ ਇਸਦੀ ਸੰਭਾਲ ਉਤੇ 200 ਅਰਬ ਡਾਲਰ ਸਾਲਾਨਾ ਖਰਚ ਹੋਣਗੇ।

ਸੰਸਾਰ ਵਿਚਲੇ ਫੌਜੀ ਖਰਚਿਆਂ ਵਿਚ ਵਿਕਾਸਸ਼ੀਲ ਦੇਸ਼ਾਂ ਦਾ ਹਿੱਸਾ ਵਧਦਾ ਜਾ ਰਿਹਾ ਹੈ। ਆਪਣੇ ਹਾਲੀਆ ਅਧਿਅਨ 'ਅਮਨ ਅਤੇ ਵਿਕਾਸ' ਵਿਚ ਸੋਵੀਅਤ ਅਮਨ ਕਮੇਟੀ ਨੇ ਕਿਹਾ ਹੈ ਕਿ 1980 ਵਿਚ ਵਿਕਾਸਸ਼ੀਲ ਦੇਸ਼ਾਂ ਨੇ ਫੌਜੀ ਮੰਤਵਾਂ ਉਤੇ 27.8 ਅਰਬ ਡਾਲਰ, ਜਾਂ ਸੰਸਾਰ ਦੇ ਕੁਲ ਖਰਚਿਆਂ ਦਾ 7.8 ਫੀ ਸਦੀ ਹਿੱਸਾ ਖਰਚ ਕੀਤਾ 1982 ਵਿਚ ਇਹ ਅੰਕੜੇ 100 ਅਰਬ ਡਾਲਰਾਂ ਜਾਂ 17 ਫੀ ਸਦੀ ਤਕ ਪਹੁੰਚ ਗਏ। ਵਿਕਾਸਸ਼ੀਲ ਕੌਮਾਂ ਦੇ ਜੀ. ਐਨ. ਪੀ. ਵਿਚ ਫੌਜੀ ਖਰਚੇ ਦਾ ਹਿੱਸਾ ਇਸ ਵੇਲੇ 5.6 ਫੀ ਸਦੀ ਹੈ। ਇਹ ਕਈ ਸਨਅਤੀਕ੍ਰਿਤ ਦੇਸ਼ਾਂ ਵਿਚਲੇ ਹਿਸੇ ਤੋਂ ਵਧ, ਸਗੋਂ ਵਧੇਰੇ ਹੈ। ਵਿਕਾਸਸ਼ੀਲ ਦੇਸ਼ਾਂ ਦੀਆਂ ਫੌਜਾਂ ਦੀ ਗਿਣਤੀ ਸਨਅਤੀਕਿਰਤ ਦੇਸ਼ਾਂ ਦੀ ਗਿਣਤੀ ਨਾਲੋਂ

1 ਕਰੋੜ ਵੱਧ ਹੈ।

ਨਿਰ ਵਧੇਰੇ ਦੇਸ਼ ਨਿਸ਼ਸਤਰੀਕਰਨ, ਜਿਹੜਾ ਕਿ ਭੁੱਖਮਰੀ, ਗਰੀਬੀ, ਅਨਪੜ੍ਹਤਾ, ਬਿਮਾਰੀ ਅਤੇ ਦੂਸਰੀਆਂ ਸਮ ਜਕ ਬੁਰਾਈਆਂ ਨੂੰ ਖਤਮ ਕਰੇਗਾ, ਦੀ ਹਿਮਾਇਤ ਕਰ ਰਹੇ ਹਨ। ਸਕੋਂ ਫੌਜੀ ਮੰਤਵਾਂ ਉਤੇ ਅੱਜ ਖਰਚ ਕੀਤੇ ਜ ਣ ਵ ਲੇ ਸਾਧਨਾਂ ਦਾ ਇਕ ਨਿਕਾ ਜਿਹਾ ਹਿੱਸਾ ਵੀ ਕਈ ਨਵਆਜ਼ਾਦ ਰਾਜਾਂ ਦੀਆਂ ਸਮਾਜਕ-ਆਰਥਕ ਸਮਸਿਆਵਾਂ ਨੂੰ ਹਲ ਕਰਨ ਲਈ ਕਾਫੀ ਹੋਵੇਗਾ। ਸੋਵੀਅਤ ਅਮਨ ਕਮੇਟੀ ਨੇ ਹਿਸਾਬ ਲਾਇਆ ਹੈ ਕਿ ਸਾਲਾਨਾ 8 ਖਰਬ ਡਾਲਰ 'ਤੀਸਰੀ ਦੁਨੀਆਂ' ਵਿਚ ਭੁੱਖੇ ਮਰ ਰਹੇ 50 ਕਰੋੜ ਤੋਂ ਵਧ ਲੋਕਾਂ ਨੂੰ ਰੋਟੀ ਦੇਣ ਲਈ ਕਾਫੀ ਹਨ। 22 ਅਰਬ ਡਾਲਰਾਂ ਦੀ ਮੁਕਾਬਲਤਨ ਸਾਲਾਨਾ ਨਿੱਕੀ ਜਿਹੀ ਰਕਮ ਵਿਕਾਸਸ਼ੀਲ ਦੁਨੀਆਂ ਵਿਚ ਅਨਪੜ੍ਹਤਾ ਅਤੇ ਗੰਭੀਰ ਬਿਮਾਰੀਆਂ ਨੂੰ ਖਤਮ ਕਰੇਗੀ। ਸੰਯੁਕਤ ਰਾਸ਼ਟਰ ਦੇ ਮ ਹਿਰਾਂ ਦਾ ਕਹਿਣਾ ਹੈ ਕਿ ਸੰਸਾਰ ਦੇ ਸਾਲਾਨਾ ਫੌਜੀ ਖਰਚਿਆਂ ਦਾ 8-10 ਫੀ ਸਦੀ ਹਿੱਸਾ ਵਿਕਾਸਸ਼ੀਲ ਕੌਮਾਂ ਦੀਆਂ ਜ਼ਰੂਰੀ ਸਮਸਿਆਵਾਂ ਨੂੰ ਹਲ ਕਰਨ ਲਈ ਕਾਫੀ ਹੋਵੇਗਾ। ਸੋਵੀਅਤ ਯੂਨੀਅਨ ਨੇ ਹਥਿਆਰਾਂ ਨੂੰ ਸੀਮਿਤ ਕਰਕੇ ਬਚਾਏ ਗਏ ਸਾਧਨਾਂ ਦੀ ਵਰਤੋਂ ਵਿਕਾਸਸ਼ੀਲ ਕੌਮਾਂ ਦੀਆਂ ਲੋੜਾਂ ਦੀ ਪੂਰਤੀ ਲਈ ਕਰਨ ਦਾ ਬਾਰ ਬਾਰ ਸੁਝਾਅ ਦਿਤਾ ਹੈ।

ਸੋਵੀਅਤ ਯੂਨੀਅਨ ਅਤੇ ਭਾਰਤ ਨੇ ਨਿਊਕਲਿਆਈ ਹਥਿਆਰਾਂ ਤੋਂ ਮੁਕਤ ਅਤੇ ਅਹਿੰਸਕ ਸੰਸਾਰ ਦੇ ਅਸੂਲਾਂ ਵਾਲੇ ਦਿੱਲੀ ਐਲਾਨਨਾਮੇ ਦੀ ਸਹੀ ਬੰਦੀ ਕੀਤੀ ਹੈ। ਐਲਾਨਨਾਮੇ ਵਿਚ ਕਿਹਾ ਗਿਆ ਹੈ ਕਿ ਹਥਿਆਰਾਂ ਉਤੇ ਖਰਚ ਕੀਤੇ ਜਾਣ ਵਾਲੇ ਸੋਮਿਆਂ ਨੂੰ ਸਮਾਜਕ ਅਤੇ ਆਰਥਕ ਵਿਕਾਸ ਵਲ ਸੇਧਿਤ ਕੀਤਾ ਜਾਣਾ ਚਾਹੀਦਾ ਹੈ, ਕੇਵਲ ਨਿਸ਼ਸਤਰੀਕਰਨ ਹੀ ਆਰਥਕ ਪਿਛੜੇਪਨ ਅਤੇ ਗਰੀਬੀ ਨਾਲ ਨਜਿੱਠਣ ਲਈ ਲੋੜੀਂਦੇ ਵਿਸ਼ਾਲ ਵਿਮਨੀ ਸੋਮੇ ਪਰਦਾਨ ਕਰ ਸਕਦਾ ਹੈ। ਮਿਖਇਲ ਐਸ. ਗੋਰਬਾਚੋਵ ਨੇ ਮਾਸਕੋ ਫੋਰਮ ਵਿਚ ਕਿਹਾ ਕਿ ਦਿੱਲੀ ਐਲਾਨਨਾਮਾ ਨਿਊਕਲਿਆਈ ਹਥਿਆਰਾਂ ਤੋਂ ਮੁਕਤ ਅਤੇ ਅਹਿੰਸਕ ਸੰਸਾਰ ਦੇ ਨਿਰਮਾਣ ਸਬੰਧੀ ਸੋਵੀਅਤ ਯੂਨੀਅਨ ਭਾਰਤ ਅਤੇ ਗੁੱਟ-ਨਿਰਲੇਪ ਲਹਿਰ ਦੇ ਮੈਂਬਰ ਰਾਜਾਂ ਦੇ ਖਰਬਾਂ ਲੋਕਾਂ ਦੀਆਂ ਦਾਰਸ਼ਨਿਕ ਅਤੇ ਰਾਜਨੀਤਕ ਪਹੁੰਚਾਂ ਉਤੇ ਆਧਾਰਤ ਹੈ।

## ਪੰਜਾਬ ਦੇ ਨਕਸਲੀ ਗਰੁੱਪ

# ਸਾਮਰਾਜ, ਅੱਤਵਾਦ ਤੇ ਪਿਛਾਖੜ ਦੀ ਸੇਵਾ ਵਿਚ (3)

ਦੀਪਕ ਧਵਨ

ਪਹਿਲਾਂ ਦਸਿਆ ਜਾ ਚੁਕਾ ਹੈ ਕਿ ਮੁਲਕ ਦੀ ਆਜ਼ਾਦੀ ਨੂੰ ਰਸਮੀਂ ਬਣਾਉਣ ਲਈ ਮੁਲਕ ਨੂੰ ਕਈ ਹਿਸਿਆਂ ਵਿਚ ਵੰਡਣਾ ਬਰਤਾਨਵੀ ਸਾਮਰਾਜ ਦੀ ਨੀਤੀ ਦਾ ਹਿੱਸਾ ਸੀ। ਦੂਸਰੀ ਸੰਸਾਰ ਜੰਗ ਮਗਰੋਂ ਬਰਤਾਨਵੀਂ ਸਾਮਰਾਜ ਦੇ ਨਿਘਾਰ ਅਤੇ ਅਮਰੀਕਾ ਵਲੋਂ ਸੰਸਾਰ ਸਾਮਰਾਜ ਦੀ ਅਗਵਾਈ ਹਥਿਆ ਲਏ ਜਾਣ ਪਿੱਛੋਂ ਇਹ 'ਜ਼ੁੰਮੇਵਾਰੀ' ਹੁਣ ਅਮਰੀਕਾ ਨੇ ਆਪਣੇ ਹਥਾਂ ਵਿਚ ਲੈ ਲਈ ਹੈ। ਭਾਰਤ ਦੀਆਂ ਹਾਕਮ ਜਮਾਤਾਂ ਨੂੰ ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸਵਾਲਾਂ ਉਤੇ ਅਮਰੀਕਨ ਸਾਮਰਾਜ ਦੇ ਹਿਤਾਂ ਦੇ ਵਿਰੋਧ ਵਿਚ ਖਲੋਣਾ ਪੈਂਦਾ ਹੈ। ਭਾਰਤ ਵਿਚ ਵੱਖਵਾਦੀ ਲਹਿਰਾਂ ਨੂੰ ਉਤਸ਼ਾਹ ਦੇਣ ਪਿਛੋਂ ਅਮਰੀਕਨ ਸਾਮਰਾਜ ਦੇ ਲੰਮੇ ਸਮੇਂ ਦੇ ਅਤੇ ਥੋੜ-ਚਿਰੇ ਹਿਤ ਹਨ। ਲੰਮੇ ਸਮੇਂ ਵਿਚ ਅਮਰੀਕਨ ਸਾਮਰਾਜ ਮੁਲਕ ਨੂੰ ਖੇਰੂੰ ਖੇਰੂੰ ਕਰਨ ਅਤੇ ਅਸਥਿਰੀ ਕਰਨ ਦੀ ਨੀਤੀ ਉਤੇ ਚਲ ਰਿਹਾ ਹੈ। ਥੋੜ ਚਿਰੇ ਹਿਤਾਂ ਵਿਚ ਭਾਰਤ ਦੀਆਂ ਹਾਕਮ ਜਮਾਤਾਂ ਉਤੇ ਦਬਾਅ ਪਾ ਕੇ ਆਰਥਕ ਖੇਤਰ ਵਿਚ ਨਵ-ਬਸਤੀਵਾਦੀ ਦਖਲ, ਅਤੇ ਸਿਆਸੀ ਖੇਤਰ ਵਿਚ ਭਾਰਤ ਦੀ ਬਦੇਸ਼ ਨੀਤੀ ਦੇ ਸਾਮਰਾਜ ਵਿਰੋਧੀ ਪੱਖਾਂ ਨੂੰ ਕਮਜ਼ੋਰ ਕਰਨਾ ਸ਼ਾਮਲ ਹਨ। ਇਸ ਲਈ ਕੋਈ ਵੀ ਅਜਿਹੀ ਧਾਰਣਾ ਜਿਹੜੀ ਪੰਜਾਬ ਮਸਲੇ ਨੂੰ ਨਿਰਾ ਪੂਰਾ 'ਹਿੰਦੂ-ਸਿੱਖ' ਸਵਾਲ ਦੇ ਚੌਖਟੇ ਵਿਚ ਵੇਖਦੀ ਹੈ, ਅਤੇ ਖਾਲਸਤਾਨੀ ਦਹਿਸ਼ਤਗਰਦੀ ਦੇ ਉਭਾਰ ਵਿਚ ਅਮਰੀਕਨ ਸਾਮਰਾਜ ਦੇ ਰੋਲ ਨੂੰ ਅਣਡਿੱਠ ਕਰਦੀ ਹੈ, ਉਹ ਅੰਤਮ ਤੌਰ ਉਤੇ ਇਸ ਲਹਿਰ ਦੇ ਅੱਤ ਪਿਛਾਖੜੀ ਕਿਰਦਾਰ ਦੀ ਪਰਦਾਪੋਸ਼ੀ ਕਰਦੀ ਹੈ। ਸਰਾਫਵਾਦੀ ਇਸੇ ਗਲਤੀ ਲਈ ਜ਼ੁੰਮੇਵਾਰ ਹਨ।

ਸੰਸਾਰ ਸਾਮਰਾਜ ਅੱਜ ਹਰ ਖਿਤੇ ਵਿਚ ਧਾਰਮਕ ਮੂਲਵਾਦ, ਅਤੇ ਪੁਨਰ-ਸੁਰਜੀਤੀਵਾਦ ਨੂੰ ਆਪਣੇ ਵਿਚਾਰਧਾਰਕ ਸੰਦ ਵਜੋਂ ਵਰਤ ਰਿਹਾ ਹੈ। ਪਾਕਿਸਤਾਨ ਅਤੇ ਸਾਊਦੀ ਅਰਬ ਵਿਚ ਇਸਲਾਮੀ ਮੂਲਵਾਦੀ ਹਕੂਮਤਾਂ ਦੀ ਪਿੱਠ ਠੋਕਣਾ, ਅਫਗਾਨਿਸਤਾਨ ਵਿਚ ਮੁਸਲਮ ਕੱਟੜਪੰਥੀ ਉਲਟ ਇਨਕਲਾਬੀ ਗਰੋਹਾਂ ਨੂੰ ਨੰਗੀ ਚਿੱਟੀ ਹਮਾਇਤ, ਲਿਬਨਾਨ ਵਿਚ ਇਜ਼ਰਾਈਲ ਪੱਖੀ ਈਸਾਈ ਕੱਟੜਪੰਥੀ ਫਲਸਤੀਨੀਆਂ ਦੇ ਕਾਤਲ ਫਾਸ਼ੀ ਗਰੁੱਪਾਂ ਦੀ ਪਿੱਠ ਠੋਕਣੀ, ਭਾਰਤ ਵਿਚ ਵਿਸ਼ਵ ਹਿੰਦੂ ਪਰੀਸ਼ਦ, ਜਮਾਤੇ ਇਸਲਾਮੀ, ਅਤੇ ਸਿਖ ਮੂਲਵਾਦੀਆਂ ਨੂੰ ਨੰਗੀ ਚਿੱਟੀ ਅਮਰੀਕਾ ਅਤੇ ਉਸਦੇ ਹਥਠੋਕਿਆਂ ਵਲੋਂ ਥਾਪਣਾ ਤੋਂ ਕੌਣ ਵਾਕਫ ਨਹੀਂ।

ਇਸ ਲਈ ਸਰਾਫ ਦੀ 'ਅੰਤਰ-ਰਾਸ਼ਟਰੀ ਡੈਮੋਕਰੇਟਿਕ ਪਾਰਟੀ' ਜਦੋਂ ਖਾਲਸਤਾਨ ਦੀ ਲਹਿਰ ਨੂੰ ਨਿਰਾ ਪੂਰਾ ਹਿੰਦੂ ਸ਼ਾਵਨਵਾਦੀਆਂ ਵਲੋਂ ਸਿੱਖਾਂ ਨਾਲ ਕੀਤੇ ਧੱਕਿਆਂ ਅਤੇ ਵਿਤਕਰਿਆਂ ਖਿਲਾਫ ਸਿੱਖਾਂ ਦੇ ਪ੍ਰਤੀਕਰਮ ਵਜੋਂ ਪੇਸ਼ ਕਰਦੀ ਹੈ ਤਾਂ ਉਹ ਅਮਰੀਕਨ ਸਾਮਰਾਜ ਦੀ ਸੰਸਾਰ ਯੁੱਧਨੀਤੀ ਵਿਚ ਭਾਰਤ ਦੀ ਮਹੱਤਤਾ, ਭਾਰਤ ਨੂੰ ਟੁਕੜੇ ਟੁਕੜੇ ਕਰਨ ਅਤੇ ਕਮਜ਼ੋਰਕਰਨ 'ਚ ਅਮਰੀਕਨਸਾਮਰਾਜ ਦੀ ਦਿਲਚਸਪੀ, ਅਤੇ ਧਾਰਮਕ ਮੂਲਵਾਦ ਦੇ ਪਿਛਾਖੜੀ ਜਿਧਾਂਰ ਦੀ ਸੰਸਾਰ ਸਾਮਰਾਜ ਵਲੋਂ ਵਰਤੋਂ ਤੋਂ ਮੁਕੰਮਲ ਤੌਰ ਉਤੇ ਅੱਖਾਂ ਮੀਟ ਲੈਂਦੀ ਹੈ।

ਖਾਲਸਤਾਨੀ ਨਾਅਰੇ ਬਾਰੇ ਹਾਕਮ ਕਾਂਗਰਸ (ਆਈ) ਦੀ ਸਮਝ ਬਾਰੇ

ਬਾਕੀ ਸਫਾ 24 ਉਤੇ

IATA

CALL US FIRST

Express Internationl Travel (1986) Ltd. ATAC

ਸਪੈਸ਼ਲ ਸੀਟ ਸੇਲ ਕਿਰਾਏ : 321-8777

ਭਾਰਤ, ਪਾਕਿਸਤਾਨ, ਲੰਡਨ, ਫੀਜ਼ੀ, ਹਵਾਈ ਤੇ ਦੁਨੀਆਂ ਦੇ ਹਰ ਕੋਨੇ ਵਿਚ

ਸਪੈਸ਼ਲ ਸਰਵਿਸ

ਵੀਜ਼ਾ ਅਤੇ ਪਾਸਪੋਰਟ ਲੈਣ ਵਿਚ ਅਸੀਂ ਬਿਨਾਂ ਮੁਆਵਜ਼ੇ ਦੇ ਤੁਹਾਡੀ ਮੱਦਦ ਕਰਦੇ ਹਾਂ।

5787 Victoria Drive, VANCOUVER, B.C. V5P 3W5



AJIT KANG

# ਧੂਤਾਂ 'ਚ ਜੁੜੇ ਹਜ਼ਾਰਾਂ ਲੋਕਾਂ ਵਲੋਂ ਸ਼ਹੀਦ ਧੂਤ ਤੇ ਗੁਲਸ਼ਨ ਨੂੰ ਸ਼ਰਧਾਂਜਲੀਆਂ-ਵੱਖਵਾਦ ਵਿਰੁੱਧ ਸੰਗਰਾਮ ਦਾ ਅਹਿਦ

ਧੂਤਕਲਾਂ (ਹੁਸ਼ਿਆਰਪੁਰ) 25 ਫਰਵਰੀ (ਲ. ਸ)—ਅੱਜ ਇਥੇ ਹਜ਼ਾਰਾਂ ਲੋਕਾਂ ਨੇ ਮਹਾਨ ਦੇਸ਼ ਭਗਤ ਸੀ. ਪੀ. ਆਈ (ਐਮ) ਆਗੂ ਸਾਥੀ ਚੰਨਣ ਸਿੰਘ ਧੂਤ ਨੂੰ ਆਪਣੀਆਂ ਇਨਕਲਾਬੀ ਸ਼ਰਧਾਂਜਲੀਆਂ ਭੇਂਟ ਕੀਤੀਆਂ। ਖਰਾਬ ਮੌਸਮ ਦੇ ਬਾਵਜੂਦ ਪੰਜਾਬ ਦੇ ਕੋਨੇ ਕੋਨੇ ਵਿਚੋਂ ਆਏ 40 ਹਜ਼ਾਰ ਤੋਂ ਵਧ ਲੋਕਾਂ—ਮਜ਼ਦੂਰਾਂ, ਕਿਸਾਨਾਂ, ਨੌਜਵਾਨਾਂ, ਵਿਦਿਆਰਥੀਆਂ, ਮੁਲਾਜ਼ਮਾਂ ਅਤੇ ਇਸਤਰੀਆਂ ਨੇ ਪ੍ਰਣ ਕੀਤਾ ਕਿ ਉਹ ਅਮਰ ਸ਼ਹੀਦ ਧੂਤ ਦੇ ਕਾਜ ਨੂੰ ਅਗੇ ਖੜਨ ਹਿੰਦੂ ਸਿੱਖ ਏਕਤਾ ਦੀ ਰਾਖੀ ਲਈ, ਪੰਜਾਬੀਆਂ ਦੀ ਏਕਤਾ ਵਾਸਤੇ, ਦੇਸ਼ ਦੀ ਏਕਤਾ ਤੇ ਅਖੰਡਤਾ ਦੀ ਰਾਖੀ ਲਈ ਅਤੇ ਸਾਮਰਾਜੀ ਏਜੰਟਾਂ ਖਾਲਿਸਤਾਨੀ ਦਹਿਸ਼ਤਗਰਦਾਂ ਦੀਆਂ ਸਾਜ਼ਿਸ਼ਾਂ ਨੂੰ ਫੇਲ੍ਹ ਕਰਨ ਵਾਸਤੇ ਕੋਈ ਵੀ ਕੁਰਬਾਨੀ ਕਰਨ ਤੋਂ ਪਿਛੇ ਨਹੀਂ ਹਟਣਗੇ। ਵਿਸ਼ਾਲ ਜਨਤਕ ਸ਼ੋਕ ਸਮਾਗਮ ਉਸ ਥਾਂ ਦੇ ਨੇੜੇ ਹੀ ਹੋਇਆ ਜਿਥੇ ਅੱਤਵਾਦੀ ਦਹਿਸ਼ਤਗਰਦਾਂ ਨੇ 15 ਫਰਵਰੀ ਦੀ ਸ਼ਾਮ ਨੂੰ ਬੁਜ਼ਦਿਲਾਨਾ ਢੰਗ ਨਾਲ ਘਾਤ ਲਾ ਕੇ ਗੋਲੀਆਂ ਦਾ ਸ਼ਿਕਾਰ ਬਣਾਕੇ ਸਾਥੀ ਧੂਤ ਨੂੰ ਸ਼ਹੀਦ ਕਰ ਦਿਤਾ ਸੀ। ਟਰਕਾਂ, ਟਰਾਲੀਆਂ ਤੇ ਟੈਂਪੂਆਂ ਅਤੇ ਪੈਦਲ ਕਾਫਲੇ ਬਣਕੇ ਆਏ ਲੋਕ ਪਹਿਲਾਂ ਇਸ ਸਥਾਨ ਉਪਰ ਸ਼ਹੀਦ ਚੰਨਣ ਸਿੰਘ ਧੂਤ ਨੂੰ ਲਾਲ ਸਲਾਮ ਕਰਦੇ ਅਤੇ ਫਿਰ ਸ਼ਹੀਦ ਧੂਤ ਅਮਰ ਰਹੇ ਹਿੰਦੂ ਸਿੱਖ ਏਕਤਾ ਜ਼ਿੰਦਾਬਾਦ, ਦੇਸ਼ ਦੀ ਏਕਤਾ ਤੇ ਅਖੰਡਤਾ ਦੀ ਰਾਖੀ ਅਸੀਂ ਕਰਾਂਗੇ, ਅਸੀਂ ਕਰਾਂਗੇ ਦੇ ਗਰਜਵੇਂ ਨਾਹਰਿਆਂ ਨੂੰ ਬੁਲੰਦ ਕਰਦੇ ਹੋਏ ਪੰਡਾਲ ਵਿਚ ਪੁਜਦੇ। ਪੰਡਾਲ ਲਾਲ ਝੰਡਿਆਂ ਦਾ ਇਕ ਠਾਠਾਂ ਮਾਰਦਾ ਰੋਹ ਭਰਪੂਰ ਸਮੁੰਦਰ ਦੀ ਨਿਆਈਂ ਲਗ ਰਿਹਾ ਸੀ। ਕਿਣ ਮਿਣ ਦੇ ਬਾਵਜੂਦ ਸ਼ਹੀਦ ਚੰਨਣ ਸਿੰਘ ਧੂਤ ਅਤੇ ਸ਼ਹੀਦ ਹੁਕਮ ਚੰਦ ਗੁਲਸ਼ਨ ਨੂੰ ਆਪਣੀ ਸ਼ਰਧਾ ਦੇ ਫੁਲ ਭੇਂਟ ਕਰਨ ਲਈ ਆਏ ਲੋਕ ਬਿਲਕੁਲ ਟਿਕਕੇ ਭਿੰਨ ਭਿੰਨ ਆਗੂਆਂ ਦੇ ਵਿਚਾਰ ਸੁਣਦੇ ਰਹੇ। ਮਹੌਲ ਬਹੁਤ ਹੀ ਉਤਸ਼ਾਹ ਜਨਕ ਦੇਸ਼ ਭਗਤੀ ਅਤੇ ਲੋਕ ਸੇਵਾ ਦੇ ਜਜ਼ਬਿਆਂ ਨਾਲ ਉਮਡਿਆ ਹੋਇਆ ਸੀ।

ਭਿੰਨ ਭਿੰਨ ਪਾਰਟੀਆਂ, ਜਨਤਕ ਜਥੇਬੰਦੀਆਂ ਅਤੇ ਸਮਾਜਿਕ ਸੰਸਥਾਵਾਂ ਵਲੋਂ ਆਪਣੀਆਂ ਸ਼ਰਧਾਂਜਲੀਆਂ ਭੇਂਟ ਕਰਦਿਆਂ ਵੱਖ-ਵੱਖ ਬੁਲਾਰਿਆਂ ਨੇ ਕਿਹਾ ਕਿ ਜਿਥੇ ਸਾਨੂੰ ਇਸ ਦਾ ਡੂੰਘਾ ਦੁਖ ਹੈ ਕਿ ਸਾਮਰਾਜੀ ਏਜੰਟਾਂ ਖਾਲਿਸਤਾਨੀ ਦਹਿਸ਼ਤਗਰਦਾਂ ਨੇ ਕਾਇਰਤਾ ਕਰਕੇ ਸਾਥੋਂ ਉਹ ਮਹਾਨ ਜੋਧਾ ਤੇ ਦੇਸ਼ ਭਗਤ ਖੋਹ ਲਿਆ ਹੈ ਜਿਹੜਾ 53 ਸਾਲ ਤੋਂ ਆਪਣੇ ਤਨੋ, ਮਨੋ, ਧਨੋ ਦੇਸ਼ ਸੇਵਾ ਅਤੇ ਅਤੇ ਮਜ਼ਦੂਰਾਂ ਤੇ ਕਿਸਾਨਾਂ ਤੇ ਗਰੀਬਾਂ ਦੀ ਸੇਵਾ ਕਰਦਾ ਆ ਰਿਹਾ ਸੀ ਉਥੇ ਅੱਜ ਇਥੇ ਪੰਜਾਬ ਦੇ ਕੋਨੇ ਕੋਨੇ ਵਿਚੋਂ ਆਏ ਹਜ਼ਾਰਾਂ ਲੋਕਾਂ ਦਾ ਇਹ ਇਕੱਠ ਹੌਸਲਾ ਬੰਨ੍ਹਦਾ ਹੈ ਕਿ ਪੰਜਾਬ ਦੇ ਲੋਕਾਂ ਨੇ, ਜਿਹਨਾਂ ਦਾ ਮਹਾਨ ਦੇਸ਼ ਭਗਤ ਵਿਰਸਾ ਹੈ, ਇਹਨਾਂ ਸਾਮਰਾਜੀ ਏਜੰਟਾਂ ਦੀ ਇਸ ਚਣੌਤੀ ਨੂੰ ਕਬੂਲਿਆ ਹੈ। ਇਸ ਵਿਸ਼ਾਲ ਇਕੱਠ ਤੋਂ ਇਹ ਆਸ ਬਝਦੀ ਹੈ ਕਿ ਪੰਜਾਬ ਦੇ ਲੋਕ ਹੁਣ ਇਹਨਾਂ ਸਾਮਰਾਜੀ ਏਜੰਟਾਂ ਨੂੰ ਜਿਹੜੇ ਫਿਰਕੂ ਲਾਂਬੂ ਲਾਕੇ ਦੇਸ਼ ਨੂੰ, ਪੰਜਾਬ ਨੂੰ ਤਬਾਹ ਕਰਨਾ ਚਾਹੁੰਦੇ ਹਨ ਅਤੇ ਹਿੰਦੂਆਂ ਤੇ ਸਿੱਖਾਂ ਨੂੰ ਲੜਾਉਣਾ ਚਾਹੁੰਦੇ ਹਨ, ਪਿਛਾੜ ਕੇ ਰੱਖ ਦੇਣਗੇ। ਇਕ ਸਾਫ ਲਕੀਰ ਖਿਚੀ ਗਈ ਹੈ, ਇਕ ਪਾਸੇ ਉਹ ਧਰਮਨਿਰਪੱਖ ਤੇ ਜਮਹੂਰੀ ਤਾਕਤਾਂ ਹਨ, ਦੇਸ਼ ਭਗਤ ਲੋਕ ਹਨ ਜਿਹੜੇ ਦੇਸ਼ ਦੀ ਏਕਤਾ ਤੇ ਅਖੰਡਤਾ ਵਾਸਤੇ ਅਤੇ ਹਿੰਦੂ-ਸਿੱਖ ਏਕਤਾ ਵਾਸਤੇ ਆਪਣੀਆਂ ਜਾਨਾਂ ਨਿਛਾਵਰ ਕਰਨ ਵਾਲੇ ਹਨ, ਸ਼ਹੀਦ ਚੰਨਣ ਸਿੰਘ ਧੂਤ, ਕਨੇਡੀਅਨ, ਗੁਲਸ਼ਨ ਅਤੇ ਹੋਰਾਂ ਅਨੇਕਾਂ ਸ਼ਹੀਦਾਂ ਦੇ ਪੂਰਨਿਆਂ ਤੇ ਚਲਣ ਵਾਲੇ ਹਨ ਅਤੇ ਦੂਜੇ ਪਾਸੇ ਧਰਮ ਦੇ ਨਾਂਅ 'ਤੇ ਫਿਰਕੂ ਲਾਂਬੂ ਲਾਉਣ ਵਾਲੇ ਅਮਰੀਕੀ ਸਾਮਰਾਜਵਾਦ ਦੇ ਏਜੰਟ ਹਨ ਜਿਹੜੇ ਭਾਰਤ ਦੀ ਏਕਤਾ ਤੇ ਅਖੰਡਤਾ ਨੂੰ ਤੋੜਨ ਉਤੇ ਤੁਲੇ ਹੋਏ ਹਨ।

ਸਮੂਹ ਬੁਲਾਰਿਆਂ ਨੇ ਕਿਹਾ ਕਿ ਸ਼ਹੀਦ ਸਾਥੀ ਚੰਨਣ ਸਿੰਘ ਧੂਤ ਦਾ ਹਿੰਦ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਨੂੰ ਹੀ ਭਾਰੀ ਘਾਟਾ ਨਹੀਂ ਪਿਆ, ਇਹ ਦੇਸ਼ ਦੀ ਏਕਤਾ ਲਈ ਸੰਗਰਾਮ ਕਰ ਰਹੀਆਂ ਸਾਰੀਆਂ ਸ਼ਕਤੀਆਂ, ਹਰ ਪਰਕਾਰ ਦੀ ਫਿਰਕਾਪ੍ਰਸਤੀ ਵਿਰੁੱਧ, ਧਾਰਮਿਕ ਰੂੜੀਵਾਦ ਵਿਰੁੱਧ ਸੰਗਰਾਮ ਕਰ ਰਹੀਆਂ ਸ਼ਕਤੀਆਂ ਨੂੰ ਭਾਰੀ ਘਾਟਾ ਹੈ। ਬੁਲਾਰਿਆਂ

TOOR SPICES
6669 FRASER ST., VANCOUVER, B.C.
PH. 324-3432
ਵਿਆਹ ਸ਼ਾਦੀ, ਅਖੰਡ ਪਾਠਾਂ ਆਦਿ ਲਈ ਗਰੌਸਰੀ ਖਰੀਦਣ ਤੇ
ਸਪੈਸ਼ਲ ਡਿਸਕਾਊਂਟ ਹੋਵੇਗਾ
SINGH FOODS
6684 MAIN ST., (AT 51st. AVE.) VANCOUVER, B.C.
PH. 327-4911

ਨੇ ਆਪਣੀ ਆਪਣੀ ਪਾਰਟੀ ਤੇ ਸੰਸਥਾ ਵਲੋਂ ਭਰੋਸਾ ਦਿਤਾ ਕਿ ਉਹ ਸ਼ਹੀਦ ਚੰਨਣ ਸਿੰਘ ਧੂਤ ਅਤੇ ਸ਼ਹੀਦ ਸਾਥੀ ਹੁਕਮ ਚੰਦ ਗੁਲਸ਼ਨ ਦੇ ਪੂਰਨਿਆਂ ਉਪਰ ਚਲਦਿਆਂ ਹੋਇਆਂ ਉਹਨਾਂ ਦੇ ਕਾਜ ਨੂੰ ਅਗੇ ਖੜਨ ਲਈ ਹਰ ਕੁਰਬਾਨੀ ਕਰਨਗੇ ਅਤੇ ਦੇਸ਼ ਦੀ ਏਕਤਾ ਤੇ ਅਖੰਡਤਾ ਨੂੰ ਆਂਚ ਨਹੀਂ ਆਉਣ ਦੇਣਗੇ ਅਤੇ ਇਹਨਾਂ ਦੇਸ਼ ਧਰੋਹੀ ਸ਼ਕਤੀਆਂ ਨੂੰ, ਜਿਹੜੀਆਂ ਬਦੇਸ਼ੀ ਤਾਕਤਾਂ ਦੇ ਇਸ਼ਾਰੇ ਨੱਚ ਰਹੀਆਂ ਹਨ, ਭਾਰਤ ਨੂੰ ਅਸਥਿਰ ਕਰਨ ਦੀ ਆਗਿਆ ਨਹੀਂ ਦੇਣਗੇ ਜ ਵੇਗੀ। ਸ਼ਰਧਾਂਜਲੀ ਸਮਾਗਮ ਸਾਢੇ ਬਾਰਾਂ ਵਜੇ ਦੇ ਕਰੀਬ ਅਰੰਭ ਹੋਇਆ ਐਪਰ ਲੋਕਾਂ ਦੇ ਕਾਫਲੇ ਅਖੀਰ ਤਕ ਆਉਂਦੇ ਰਹੇ।

ਸਟੇਜ ਉਪਰ ਦੋਹਾਂ ਸ਼ਹੀਦ ਸਾਥੀਆਂ ਦੀਆਂ ਫੋਟੋਆਂ ਰਖੀਆਂ ਹੋਈਆਂ ਸਨ, ਅਤੇ ਮਾਟੋ ਲਾਏ ਹੋਏ ਸਨ – ਸ਼ਹੀਦ ਸਾਥੀਆਂ ਦਾ ਪਰੋਗਰਾਮ ਜਾਰੀ ਰਖਣਾ ਹੈ ਸੰਗਰਾਮ।

ਸਭ ਤੋਂ ਪਹਿਲਾਂ ਧੂਤ ਕਾਂ ਦੇ ਹੀ ਉਘੇ ਬਜ਼ੁਰਗ ਦੇਸ਼ ਭਗਤ ਤੇ ਸੀ. ਪੀ. ਆਈ. (ਐਮ) ਆਗੂ ਸਾਥੀ ਨੈਣਾ ਸਿੰਘ ਧੂਤ ਨੇ ਸ਼ਹੀਦ ਸਾਥੀਆਂ ਦੇ ਮਿਸਾਲੀ ਕਮਿਊਨਿਸਟ ਤੇ ਦੇਸ਼ ਭਗਤੀ ਵਾਲੇ ਜੀਵਨ ਤੇ ਰੋਸ਼ਨੀ ਪਾਈ। ਫਿਰ ਸ਼ਹੀਦ ਭਗਤ ਸਿੰਘ ਦੇ ਸਾਥੀ ਪੰਡਤ ਕਿਸ਼ੋਰੀ ਲਾਲ ਨੇ ਸ਼ਰਧਾਂਜਲੀ ਦਿਤੀ, ਸੀ. ਪੀ. ਆਈ (ਐਮ) ਦੀ ਪੰਜਾਬ ਰਾਜ ਕਮੇਟੀ ਦੇ ਐਕਟਿੰਗ ਸਕੱਤਰ ਸਾਥੀ ਗੁਰਚਰਨ ਸਿੰਘ ਰੰਧਾਵਾ. ਸੀ. ਪੀ. ਆਈ ਦੀ ਪੰਜਾਬ ਕੌਂਸਲ ਦੇ ਸਕੱਤਰ ਸਾਥੀ ਪਿਆਰਾ ਸਿੰਘ ਦਿਉਸੀ, ਪ੍ਰਦੇਸ਼ ਕਾਂਗਰਸ (ਇੰ) ਦੇ ਜਨਰਲ ਸਕੱਤਰ ਡਾਕਟਰ ਕੇਵਲ ਕ੍ਰਿਸ਼ਨ ਐਮ.ਐਲ ਦੇ ਤੇਜਾਰਥ ਵਿਰ ਮੰਤਰੀ, ਬਾਬਾ ਭਗਤ ਸਿੰਘ ਬਿਲਗਾ ਸਕੱਤਰ ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ, ਬੀ. ਜੇ. ਪੀ ਆਗੂ ਸ੍ਰੀ ਭਾਗ ਚੰਦਰ, ਬਜ਼ੁਰਗ ਕਿਸਾਨ ਆਗੂ ਅਤੇ ਸੀ. ਪੀ. ਆਈ (ਐਮ) ਸੂਬਾ ਸਕੱਤਰੇਤ ਮੈਂਬਰ ਸਾਥੀ ਦਲੀਪ ਸਿੰਘ ਟਪਿਆਲਾ, ਉਪਕਾਰ ਸਿੰਘ ਰੰਧਾਵਾ ਰਾਜ ਮੰਤਰੀ, ਮਾਸਟਰ ਹਰੀ ਸਿੰਘ, ਅਤੇ ਖਜ਼ਾਨਾ ਮੰਤਰੀ ਬਲਵੰਤ ਸਿੰਘ ਦੇ ਨਾਂ ਵਰਨਣਯੋਗ ਹਨ। ਸਾਬਕਾ ਐਸ. ਜੀ. ਪੀ. ਸੀ ਪ੍ਰਧਾਨ ਜਥੇਦਾਰ ਕਾਬਲ ਸਿੰਘ ਨੇ ਮੁਖ ਮੰਤਰੀ ਸ੍ਰੀ ਸੁਰਜੀਤ ਸਿੰਘ ਬਰਨਾਲਾ ਦਾ ਸੰਦੇਸ਼ ਦਿਤਾ। ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਦਾ ਸੰਦੇਸ਼ ਡਿਪਟੀ ਕਮਿਸ਼ਨਰ ਸ੍ਰੀ ਐਮ. ਐਸ. ਕੇਲੇ ਨੇ ਪੜਕੇ ਸੁਣਾਇਆ ਅਤੇ ਸੀ. ਪੀ. ਆਈ (ਐਮ) ਪੋਲਿਟ ਬਿਊਰੋ ਮੈਂਬਰ ਸਾਥੀ ਹਰਕਿਸ਼ਨ ਸਿੰਘ ਸੁਰਜੀਤ ਵਲੋਂ ਸ਼ਰਧਾਂਜਲੀਆਂ ਭੇਂਟ ਕੀਤੀਆਂ ਗਈਆਂ।

ਪੰਜਾਬ ਇਸਤਰੀ ਸਭਾ ਦੀ ਜਨਰਲ ਸਕੱਤਰ ਬੀਬੀ ਬਿਮਲਾ ਡਾਂਗ ਨੇ ਵੀ ਸ਼ਰਧਾਂਜਲੀ ਭੇਂਟ ਕੀਤੀ।

ਸਾਥੀ ਸੁਰਜੀਤ ਨੇ ਸ਼ਹੀਦ ਸਾਥੀ ਚੰਨਣ ਸਿੰਘ ਧੂਤ ਨੂੰ ਸ਼ਰਧਾਂਜਲੀ ਭੇਂਟ ਕਰਦਿਆਂ ਕਿਹਾ ਕਿ ਅੱਜ ਸਾਡੇ ਲਈ ਦੁਖ ਦਾ ਦਿਨ ਵੀ ਹੈ ਕਿਉਂਕਿ ਸਾਡਾ ਸਾਥੀ ਧੂਤ ਸਾਡੇ ਵਿਚ ਨਹੀਂ ਹੈ, ਸਾਮਰਾਜੀ ਏਜੰਟਾਂ ਨੇ ਉਸ ਨੂੰ ਸਾਥੋਂ ਖੋਹ ਲਿਆ ਹੈ ਐਪਰ ਅੱਜ ਹਜ਼ਾਰਾਂ ਲੋਕਾਂ ਦਾ ਇਹ ਇਕੱਠ, ਜਿਹੜੇ ਪੰਜਾਬ ਦੇ ਕੋਨੇ ਕੋਨੇ ਤੋਂ ਆਏ ਹਨ, ਭਰੋਸਾ ਵੀ ਪੈਦਾ ਕਰਦਾ ਹੈ, ਇਹ ਆਸ ਬੰਨਦਾ ਹੈ, ਇਹ ਇਸ ਗਲ ਦਾ ਸਬੂਤ ਹੈ ਕਿ ਤੁਸੀਂ ਇਹਨਾਂ ਸਾਮਰਾਜੀ ਏਜੰਟਾਂ, ਵਖਵਾਦੀਆਂ, ਫਿਰਕੂ ਜਨੂੰਨੀਆਂ ਦੀ ਚਣੌਤੀ ਨੂੰ ਕਬੂਲਿਆ ਹੈ ਅਤੇ ਤੁਸੀਂ ਕਫਣ ਬੰਨ੍ਹਕੇ ਤੁਰ ਪਏ ਹੋ ਸ਼ਹੀਦ ਚੰਨਣ ਸਿੰਘ ਧੂਤ ਦੇ ਕਾਜ ਨੂੰ ਅਗੇ ਖੜਨ ਵਾਸਤੇ ਅਤੇ ਦੇਸ਼ ਦੀ ਏਕਤਾ ਤੇ ਅਖੰਡਤਾ ਅਤੇ ਆਜ਼ਾਦੀ ਦੀ ਰਾਖੀ ਕਰਨ ਵਾਸਤੇ।

ਉਹਨਾਂ ਕਿਹਾ ਕਿ ਅਸੀਂ 15 ਫਰਵਰੀ ਨੂੰ ਦੇਸ਼ ਭਗਤ ਯਾਦਗਾਰ ਹਾਲ ਵਿਚ ਸਾਂਝੀ ਫਿਰਕੂ ਸਦਭਾਵਨਾ ਕਨਵੈਨਸ਼ਨ ਵਿਚ ਇਕਠੇ ਰਹੇ। ਮੇਰੇ ਦਿੱਲੀ ਪਹੁੰਚਦੇ ਹੀ ਮੈਨੂੰ ਇਹ ਦੁਖਦ ਈ ਖਬਰ ਮਿਲੀ ਕਿ ਸਾਥੀ ਧੂਤ ਨੂੰ ਦੇਸ਼ ਧਰੋਹੀ ਬੁਜ਼ਦਿਲਾਂ ਨੇ ਸ਼ਹੀਦ ਕਰ ਦਿਤਾ ਹੈ। ਉਹ ਪਹਿਲਾਂ ਦੇਸ਼ ਦੀ ਅਜ਼ਾਦੀ ਲਈ ਲੜਿਆ, ਫਿਰ ਦੇਸ ਦੇ ਮਜ਼ਦੂਰਾਂ, ਕਿਸਾਨਾਂ ਤੇ ਗਰੀਬਾਂ ਦੀ ਬੰਦਖਲਾਸੀ ਲਈ ਅਤੇ ਹੁਣ ਦੇਸ਼ ਦੀ ਅਜ਼ਾਦੀ ਦੀ ਰਾਖੀ ਦੇ ਸੰਗਰਾਮ ਵਿਚ ਜੂਝਦਾ ਹੋਇਆ ਸ਼ਹੀਦ ਹੋ ਗਿਆ ਹੈ। ਸਾਥੀ ਸੁਰਜੀਤ ਨੇ ਲਲਕਾਰ ਕੇ ਕਿਹਾ ਕਿ ਇਹ ਬੁਜ਼ਦਿਲ ਸਾਮਰਾਜੀ ਏਜੰਟ ਭੁਲੇਖੇ ਵਿਚ ਹਨ, ਇਹਨਾਂ ਨੂੰ ਅਸੀਂ ਦੱਸ ਦੇਣਾ ਚਾਹੁੰਦੇ ਹਾਂ ਕਿ ਕਮਿਊਨਿਸਟਾਂ ਨੂੰ ਉਹ ਇਸ ਤਰਾਂ ਚੁਪ ਨਹੀਂ ਕਰਵਾ ਸਕਦੇ, ਕਮਿਊਨਿਸਟਾਂ ਨੂੰ ਕਿੰਨੀਆਂ ਵੀ ਕੁਰਬਾਨੀਆਂ ਕਿਉਂ ਨਾ ਦੇਣੀਆਂ ਪੈਣ, ਹੋਰ ਬੇਸ਼ਕ ਕਿੰਨੇ ਵੀ ਕਮਿਊਨਿਸਟ ਸ਼ਹੀਦ ਹੋ ਜਾਣ ਉਹ ਹਿੰਦੂ-ਸਿਖ ਏਕਤਾ ਨੂੰ ਲੀਰੋ ਲੀਰ ਨਹੀਂ ਹੋਣ ਦੇਣਗੇ, ਪੰਜਾਬ ਦਾ ਵਾਤਾਵਰਨ ਨਹੀਂ ਵਿਗੜਨ ਦੇਣਗੇ। ਦੇਸ਼ ਦੀ ਏਕਤਾ ਤੇ ਅਖੰਡਤਾ ਨਹੀਂ ਭੰਗ ਹੋਣ ਦੇਣਗੇ। ਪੰਜਾਬ ਨੂੰ ਤੇ ਦੇਸ਼ ਨੂੰ ਬਰਬਾਦ ਨਹੀਂ ਹੋਣ ਦੇਣਗੇ। ਅਸੀਂ ਸ਼ਹੀਦ ਚੰਨਣ ਸਿੰਘ ਧੂਤ ਅਤੇ ਸ਼ਹੀਦ ਸਾਥੀ ਗੁਲਸ਼ਨ ਦਾ ਕਾਜ ਅਗੇ ਖੜਾਂਗੇ, ਸਾਨੂੰ

## ਸਾਥੀ ਸੁਰਜੀਤ ਦੀ ਲਲਕਾਰ

ਇਸ ਤੋਂ ਕੋਈ ਪਿਛੇ ਨਹੀਂ ਹੱਟਾ ਸਕਦਾ। ਧਰਮ ਤੇ ਰਾਜਨੀਤੀ ਰਲਗੱਡ ਕਰਨ ਤੇ ਫਿਰਕਾ ਪ੍ਰਸਤੀ ਦੇ ਮਾਰੂ ਸਿਟਿਆਂ ਦਾ ਜ਼ਿਕਰ ਕਰਦਿਆਂ ਸਾਥੀ ਸੁਰਜੀਤ ਨੇ ਕਿਹਾ ਕਿ ਅਕਾਲ ਤਖਤ ਦੇ ਐਕਟਿੰਗ

ਪੰਜਾਬੀ ਮਾਰਕਿਟ ਵਿਚ

# ਮਾਨ ਸ਼ੂਅ ਸਟੋਰ

ਆਦਮੀਆਂ, ਔਰਤਾਂ, ਅਤੇ ਬੱਚਿਆਂ ਦੇ ਜੁੱਤੇ,
ਚਮੜੇ ਦੇ ਅਟੈਚੀ, ਪਰਸ ਅਤੇ ਹੋਰ ਸਾਮਾਨ

MENS, LADIES & CHILDRENS'
SHOES AND LEATHER
LUGGAGE & ACCESSORIES

ਮੁਹਿੰਦਰ ਸਿੰਘ ਮਾਨ    Mohinder Singh Mann

321-4353

MANN SHOE STORE
6570 MAIN ST., VANCOUVER, B.C.

ਜਥੇਦਾਰ ਦਾ ਰਾਜਨੀਤੀ ਵਿਚ ਦਖਲ ਗਲਤ ਹੈ, ਉਹਨਾਂ ਕਿਹਾ ਕਿ ਅਕਾਲ ਤਖਤ ਦਾ ਐਕਟਿੰਗ ਜਥੇਦਾਰ ਦੋ ਗੱਲਾਂ ਦਾ ਜਵਾਬ ਦੇਵੇ ਕਿ (1) 26 ਜਨਵਰੀ ਦੇ ਅਖੌਤੀ ਸਰਬਤ ਖਾਲਸੇ ਦੇ ਫੈਸਲਿਆਂ ਪ੍ਰਤੀ ਜਿਸ ਵਿਚ ਖਾਲਿਸਤਾਨ ਕਾਇਮੀ ਦਾ ਐਲਾਨ ਕੀਤਾ ਗਿਆ ਸੀ ਉਸ ਦਾ ਕੀ ਸਟੈਂਡ ਹੈ, (2) ਪੰਜ ਮੈਂਬਰੀ ਪੰਥਕ ਕਮੇਟੀ ਦੇ ਸਬੰਧ ਵਿਚ ਉਹ ਕੀ ਸਟੈਂਡ ਰਖਦੇ ਹਨ। ਸਾਥੀ ਸੁਰਜੀਤ ਨੇ ਬਾਦਲ ਟੌਹੜਾ ਤੇ ਅਮਰਿੰਦਰ ਸਿੰਘ ਦੀ ਸਖਤ ਆਲੋਚਨਾ ਕੀਤੀ ਕਿ ਉਹ ਕੁਰਸੀ ਖਾਤਰ ਅੱਤਵਾਦੀਆਂ ਤੇ ਵੱਖਵਾਦੀਆਂ ਨੂੰ ਹਮੈਤ ਦੇਣ ਤਕ ਦੀਆਂ ਨਿਵਾਣਾਂ ਛੂਹ ਗਏ ਹਨ। ਉਹਨਾਂ ਮੁੱਖ ਮੰਤਰੀ ਸ੍ਰੀ ਸੁਰਜੀਤ ਸਿੰਘ ਬਰਨਾਲਾ ਦੇ ਸਟੈਂਡ ਦੀ ਅਤੇ ਲੌਂਗੋਵਾਲ ਇਕੱਠ ਦੇ ਮਤੇ ਦੀ ਭਰਪੂਰ ਸਰਾਹਣਾ ਕੀਤੀ। ਉਹਨਾਂ ਕੇਂਦਰ ਸਰਕਾਰ ਉਪਰ ਜ਼ੋਰ ਦਿਤਾ ਕਿ ਉਹ ਪੰਜਾਬ ਸਮਝੌਤੇ ਦੀਆਂ ਦੋ ਮੁੱਖ ਮੱਦਾਂ ਚੰਡੀਗੜ੍ਹ ਤੇ ਇਲਾਕਾਈ ਅਤੇ ਪਾਣੀਆਂ ਨਾਲ ਸਬੰਧਤ ਨੂੰ ਫੌਰੀ ਲਾਗੂ ਕਰੇ ਤਦੇ ਹੀ ਸ੍ਰੀ ਬਰਨਾਲਾ ਦੇ ਹੱਥ ਮਜ਼ਬੂਤ ਹੋਣਗੇ। ਅਖੀਰ ਵਿਚ ਸਾਥੀ ਸੁਰਜੀਤ ਨੇ ਕਿਹਾ ਕਿ ਇਹ ਮੁਠੀਭਰ ਸਾਮਰਾਜੀ ਏਜੰਟ ਖਾਲਿਸਤਾਨੀ ਦਹਿਸ਼ਤਗਰਦ ਅਕਾਲੀ ਲਹਿਰ ਦੇ ਇਤਿਹਾਸ ਨੂੰ ਰੋਲ ਰਹੇ ਹਨ, ਜਿਹੜਾ ਕਿ ਸਾਮਰਾਜਵਾਦ ਦੇ ਵਿਰੋਧ ਦਾ ਅਤੇ ਹਿੰਦੂ ਸਿਖ ਏਕਤਾ ਦਾ ਹੈ, ਇਸ ਸਬੰਧ ਵਿਚ ਉਹਨਾਂ ਨੇ ਗਦਰੀ ਸੂਰਬੀਰ ਭਗਵਾਨ ਸਿੰਘ ਕਨੇਡੀਅਨ ਦਾ ਜ਼ਿਕਰ ਕੀਤਾ। ਉਹਨਾਂ ਕਿਹਾ ਕਿ ਅੱਜ ਧਰਮ ਨਿਰਪੇਖਤਾ ਨੂੰ ਬੁਲੰਦ ਕਰਕੇ ਹੀ ਦੇਸ਼ ਦੀ ਏਕਤਾ ਕਾਇਮ ਰੱਖੀ ਜਾ ਸਕਦੀ ਹੈ।

ਸਾਥੀ ਸੁਰਜੀਤ ਨੇ ਜ਼ੋਰਦਾਰ ਲਲਕਾਰ ਦਿਤੀ ਕਿ ਆਉ ਆਪਾਂ ਸਾਰੇ ਪੰਜਾਬ ਦੇ ਲੋਕਾਂ ਨੂੰ ਜਗਾਈਏ, ਲੋਕਾਂ 'ਚ ਦੇਸ਼ਭਗਤੀ ਦਾ ਜਜ਼ਬਾ ਜਗਾਕੇ, ਸਾਮਰਾਜੀ ਏਜੰਟਾਂ ਵਖਵਾਦੀਆਂ ਵਿਰੁਧ ਗੁਸਾ ਪੈਦਾ ਕਰੀਏ, ਸੁੱਤਾ ਪੰਜਾਬ ਜਗਾਦੀਏ ਅਤੇ ਦੇਸ਼ ਧਰੋਹੀ ਸ਼ਕਤੀਆਂ ਨੂੰ ਭਾਜ ਦਈਏ। ਦੇਸ਼ ਦੀ ਏਕਤਾ ਤੇ ਅਖੰਡਤਾ ਦੀ ਰਾਖੀ ਵਾਸਤੇ ਸਾਮਰਾਜੀ ਏਜੰਟਾਂ ਅੱਤਵਾਦੀਆਂ ਤੇ ਵੱਖਵਾਦੀਆਂ ਵਿਰੁਧ ਲੜਾਈ 'ਚ ਅਸੀਂ ਅਕਾਲੀ ਦਲ (ਲ) ਕਾਂਗਰਸ (ਇੰ) ਅਤੇ ਹੋਰ ਸਾਰੇ ਦੇਸ਼ ਭਗਤ ਸ਼ਕਤੀਆਂ ਨਾਲ ਮਿਲਣ ਲਈ ਤਿਆਰ ਹਾਂ, ਆਉ ਸਾਂਝੀ ਕਾਰਵਾਈ ਯੋਜਨਾ ਸਫਲ ਕਰੀਏ ਸ਼ਹੀਦ ਚੰਨਣ ਸਿੰਘ ਧੂਤ ਅਤੇ ਸ਼ਹੀਦ ਗੁਲਸ਼ਨ ਨੂੰ ਇਹੀ ਸੱਚੀ ਸ਼ਰਧਾਂਜਲੀ ਹੈ।

ਹੁਣ ਲਕੀਰ ਖਿਚੀ ਗਈ ਹੈ। ਦੇਸ਼ ਭਗਤਾਂ ਤੇ ਦੇਸ਼ ਧਰੋਹੀਆਂ ਵਿਚ, ਸ਼ਹੀਦ ਚੰਨਣ ਸਿੰਘ ਆਪਣਾ ਫਰਜ਼ ਨਿਭਾ ਗਿਆ। ਹੁਣ ਸਾਡਾ ਫਰਜ਼ ਹੈ ਉਸਦੇ ਕਾਜ ਨੂੰ ਨੇਪਰੇ ਚਾੜ੍ਹਨ ਦਾ।

## ਟਪਿਆਲਾ ਵਲੋਂ ਹੋਕਾ

ਸੀ.ਪੀ.ਆਈ.(ਐਮ) ਸੂਬਾ ਸਕੱਤਰੇਤ ਮੈਂਬਰ ਸਾਥੀ ਦਲੀਪ ਸਿੰਘ ਟਪਿਆਲਾ, ਨੇ ਜਿਹੜੇ ਕਿ ਇਕ ਬਹੁਤ ਵਡਾ ਕਾਫਲਾ ਲੈਕੇ ਸ਼ਹੀਦ ਸਾਥੀ ਚੰਨਣ ਸਿੰਘ ਧੂਤ ਨੂੰ ਸ਼ਰਧਾਂਜਲੀ ਭੇਂਟ ਕਰਨ ਪੁਜੇ ਹੋਏ ਸਨ, ਕਿਹਾ ਕਿ ਅੱਜ ਦਾ ਇਹ ਵਿਸ਼ਾਲ ਇਕੱਠ ਦਸਦਾ ਹੈ ਕਿ ਪੰਜਾਬ ਦੇ ਲੋਕ ਹੁਣ ਅੱਤਵਾਦ ਤੇ ਵੱਖਵਾਦ ਵਿਰੁਧ ਉਠ ਖੜੇ ਹੋਏ ਹਨ, ਹੁਣ ਇਹ ਕਾਂਗ ਜ਼ੋਰ ਫੜੇ ਇਕ ਜਨਤਕ ਹੜ੍ਹ ਦਾ ਰੂਪ ਧਾਰਨ ਕਰ ਲਵੇਗੀ ਜਿਹੜੀ ਸਾਮਰਾਜੀ ਏਜੰਟਾਂ ਨੂੰ ਰੋੜਕੇ ਲੈ ਜਾਵੇਗੀ। ਸਾਥੀ ਟਪਿਆਲਾ ਨੇ ਇਕਬਾਲ ਦੇ ਕੁਝ ਪਰੇਰਣਾ ਦਾਇਕ ਸ਼ੇਅਰਾਂ ਦਾ ਹਵਾਲਾ ਦੇ ਕੇ ਕਿਹਾ ਕਿ ਸ਼ਹੀਦਾਂ ਦਾ ਖੂਨ ਕਦੇ ਅਜਾਈਂ ਨਹੀਂ ਜਾਂਦਾ। ਉਹਨਾਂ ਕਿਹਾ ਕਿ ਇਥੋਂ ਵਿਸ਼ਾਲ ਇਕਠ ਵਿਚੋਂ ਸ਼ਹੀਦ ਦੀ ਅਵਾਜ਼ ਲੈ ਕੇ ਜਾਵੋ, ਪਿੰਡ ਪਿੰਡ ਪਹੁੰਚਾਉ, ਲੋਕਾਂ ਨੂੰ ਜਾਗਰਤ ਕਰੋ, ਇਸੇ ਰਾਹ ਚੱਲਕੇ ਇਹਨਾਂ ਹਤਿਆਰਿਆਂ ਸਾਮਰਾਜੀ ਏਜੰਟਾਂ ਨੂੰ ਮਾਤ ਪਾਇਆ ਜਾ ਸਕਦਾ ਹੈ।

ਸੀ. ਪੀ. ਆਈ (ਐਮ) ਦੀ ਪੰਜਾਬ ਰਾਜ ਕਮੇਟੀ ਦੇ ਐਕਟਿੰਗ ਸਕੱਤਰ ਸਾਥੀ ਗੁਰਚਰਨ ਸਿੰਘ ਰੰਧਾਵਾ ਨੇ ਸ਼ਹੀਦ ਸਾਥੀਆਂ ਨੂੰ ਸ਼ਰਧਾਂਜਲੀ ਭੇਂਟ ਕਰਦਿਆਂ ਕਿਹਾ ਕਿ ਜਿਹੜੇ ਇਹਨਾਂ ਖਾਲਿਸਤਾਨੀਆਂ ਦਹਿਸ਼ਤਗਰਦਾਂ ਨੂੰ ਭੁਲੇਖੇ ਨੌਜਵਾਨ ਕਹਿੰਦੇ ਹਨ, ਉਹ ਬਹੁਤ ਗਲਤੀ ਕਰ ਰਹੇ ਹਨ, ਦੇਸ਼ ਧਰੋਹੀਆਂ ਨੂੰ ਰਾਜਸੀ ਪਨਾਹ ਮੁਹਈਆ ਕਰਦੇ ਹਨ। ਉਹਨਾਂ ਨੇ ਬਾਦਲ ਧੜੇ ਦੇ ਆਗੂਆਂ ਦੀ ਸਖਤ ਅਲੋਚਨਾ ਕੀਤੀ ਜਿਹਨਾਂ ਤੋਂ ਅੱਤਵਾਦੀ ਕਤਲਾਂ ਦੀ ਨਿਖੇਧੀ ਦੇ ਸਬੰਧ 'ਚ ਇਕ ਵੀ ਸ਼ਬਦ ਨਹੀਂ ਸਰਿਆ। ਸਾਥੀ ਰੰਧਾਵਾ ਨੇ ਹੁਸ਼ਿਆਰਪੁਰ ਜ਼ਿਲਾ ਪ੍ਰਸ਼ਾਸਨ ਤੇ ਪੁਲਸ ਦੀ ਜ਼ਿਲੇ 'ਚ ਅਮਨ ਤੇ ਕਾਨੂੰਨ ਤੇ ਲੋਕਾਂ ਦੀ ਜਾਨ ਮਾਲ ਦੀ ਸੁਰਖਿਆ ਕਰਨ ਵਿਚ ਨਾਕਾਮੀ ਦੀ ਸਖਤ ਅਲੋਚਨਾ ਕੀਤੀ। ਉਹਨਾਂ ਮੰਗ ਕੀਤੀ ਕਿ ਜਾਂ ਤਾਂ ਇਹ ਫਰਜ਼ ਨਿਭਾਉਣ ਨਹੀਂ ਛੁਟੀਆਂ ਕਰ ਜਾਣ। ਉਹਨਾਂ ਹਾਜ਼ਰ ਲੋਕਾਂ ਨੂੰ ਜ਼ੋਰਦਾਰ ਅਪੀਲ ਕੀਤੀ ਕਿ ਆਓ ਸ਼ਹੀਦ ਚੰਨਣਸਿੰਘ ਧੂਤ ਅਤੇ ਸ਼ਹੀਦ ਹੁਕਮ ਚੰਦ ਗੁਲਸ਼ਨ ਦੇ ਕਾਜ ਨੂੰ ਨੇਪਰੇ ਚਾੜ੍ਹਨ ਲਈ ਦੇਸ਼ ਦੀ ਏਕਤਾ ਤੇ ਅਖੰਡਤਾ ਦੀ ਰਾਖੀ ਲਈ ਜਾਨਾਂ ਤਕ ਵਾਰ ਦਈਏ। ਇਹੀ ਸੱਚੀ ਸ਼ਰਧਾਂਜਲੀ ਹੈ।

ਦੇਸ਼ ਭਗਤੀ ਦੇ ਪੁੰਜ ਪਿੰਡ ਧੂਤ ਕਲਾਂ ਦੇ ਲੋਕਾਂ ਨੇ ਬਾਹਰੋਂ ਆਉਣ ਵਾਲੇ ਲੋਕਾਂ ਲਈ ਲੰਗਰ ਅਤੇ ਚਾਹ ਦਾ ਪ੍ਰਬੰਧ ਕੀਤਾ ਹੋਇਆ ਸੀ। ਸ਼ੋਕ ਸਮਾਗਮ ਵਿਚ ਸ਼ਾਮਲ ਹਜ਼ਾਰਾਂ ਲੋਕ ਸਾਮਰਾਜੀ ਸਾਜ਼ਸ਼ਾਂ ਫੇਲ੍ਹ ਕਰਨ ਲਈ ਅਤੇ ਅੱਤਵਾਦ ਤੇ ਵੱਖਵਾਦ ਵਿਰੁਧ ਸੰਗਰਾਮ ਦਾ ਦ੍ਰਿੜ ਪ੍ਰਣ ਕਰਕੇ ਪੂਰੇ ਜੋਸ਼ ਵਿਚ ਘਰਾਂ ਨੂੰ ਪਰਤੇ।


# ਹੁਣ ਤੁਸੀਂ ਵੈਨਕੂਵਰ-ਹਾਂਗਕਾਂਗ ਨਾਨ - ਸਟਾਪ ਜਾ ਸਕਦੇ ਹੋ

1710 Douglas St.
Victoria, B.C.
Ph. 386-6363

ਭਾਰਤ, ਪਾਕਿਸਤਾਨ, ਫੀਜੀ ਲੰਡਨ, ਸ੍ਰੀ ਲੰਕਾ, ਨਿਊਜ਼ੀਲੈਂਡ, ਹਵਾਈ ਜਾਂ ਦੁਨੀਆਂ ਦੇ ਹੋਰ ਕਿਸੇ ਵੀ ਹਿੱਸੇ ਵਿਚ ਜਾਣ ਲਈ

## ਘੱਟ ਤੋਂ ਘੱਟ ਕਿਰਾਏ

ਜੇਕਰ ਤੁਸੀਂ ਲੰਡਨ ਰਾਹੀਂ ਜਾ ਰਹੇ ਹੋ ਤਾਂ ਤੁਸੀਂ 2 ਸੂਟਕੇਸ ਆਪਣੇ ਨਾਲ ਲਿਜਾ ਸਕਦੇ ਹੋ। ਜੇਕਰ ਤੁਸੀਂ ਲੰਡਨ ਠਹਿਰ ਕੇ ਵੀ ਜਾਣਾ ਹੈ ਤਾਂ ਵੀ ਭਾਰ ਪੂਰਾ ਲਿਜਾ ਸਕਦੇ ਹੋ।

6364 Fraser Street,
Vancouver, B.C.
Ph. 324-2277



935 Marine Drive
Capilano Mall,
N. Vancouver

AUTHORIZED AGENTS FOR: • AIR CANADA • BRITISH AIRWAYS • CANADIAN PACIFIC AIRLINES • CATHAY PACIFIC AIRWAYS • THAI INTERNATIONAL AIRWAYS & OTHER MAJOR AIRLINES.

**BAINS TRAVEL SERVICE**

# ਜਲ੍ਹਿਆਂਵਾਲੇ ਬਾਗ ਦਾ ਸੰਦੇਸ਼

ਸੁਖੀ ਅਮਰਜੀਤ

ਜਲ੍ਹਿਆਂਵਾਲਾ ਬਾਗ ਭਾਰਤ ਦੇ ਇਤਿਹਾਸ ਵਿਚ ਲੋਕਾਂ ਦੀ ਏਕਤਾ,ਧਰਮ ਨਿਰਪੱਖਤਾ ਅਤੇ ਸਾਮਰਾਜ ਵਿਰੁਧ ਸੰਘਰਸ਼ ਦਾ ਪ੍ਰਤੀਕ ਬਣ ਚੁੱਕਾ ਹੈ। ਇਨੇ ਮਹਾਨ ਉਦੇਸ਼ਾਂ ਨੂੰ ਪ੍ਰਗਟਾਉਣ ਵਾਲਾ ਇਹ ਸਥਾਨ ਸਾਰੇ ਦੇਸ਼ ਦੇ ਲੋਕਾਂ ਲਈ ਹੀ ਪਵਿੱਤਰ ਅਤੇ ਸਤਿਕਾਰਤਾ ਸਥਾਨ ਨਹੀਂ ਹੈ,ਸਗੋਂ ਉਨ੍ਹਾਂ ਸਾਰੇ ਭਾਰਤੀਆਂ ਲਈ ਵੀ ਜਿਹੜੇ ਬਦੇਸ਼ਾਂ ਵਿਚ ਰਹਿੰਦੇ ਹੋਏ ਭਾਰਤ ਨਾਲ ਭਾਵਕ ਤੌਰ ਤੇ ਜੁੜੇ ਹੋਏ ਹਨ।

ਅੱਜ ਜਲ੍ਹਿਆਂਵਾਲਾ ਬਾਗ ਸਮੁੱਚੇ ਭਾਰਤੀ ਲੋਕਾਂ ਨੂੰ ਸੰਦੇਸ਼ ਦੇ ਰਿਹਾ ਹੈ ਕਿ **ਲੋਕ ਏਕਤਾ ਮਜ਼ਬੂਤ ਕਰੋ,ਧਰਮ ਨਿਰਪੱਖਤਾ ਉਪਰ ਤਕੜੇ ਹੋਕੇ ਪਹਿਰਾ ਦੇਵੋ,ਅਤੇ ਸਾਮਰਾਜ ਫਿਰ ਮੁੜ ਤੋਂ ਦੇਸ਼ ਨੂੰ ਗੁਲਾਮ ਬਣਾਉਣ ਲਈ,ਇਸਦੇ ਟੁਕੜੇ ਟੁਕੜੇ ਕਰਨਾ ਚਾਹੀਦਾ ਹੈ।** ਐ ਭਾਰਤ ਦੇ ਲੋਕੋ ! ਐ ਪੰਜਾਬੀਓ ਜਾਗੋ ਸਾਮਰਾਜ ਦੀ ਉਂਗਲੀ ਤੇ ਨੱਚਣ ਵਾਲੇ ਅੱਤਵਾਦੀ-ਵੱਖਵਾਦੀ ਗਰੋਹਾਂ ਨੂੰ ਨਿਖੇੜ ਦਿਉ। ਇਹ ਵੱਖਵਾਦੀ ਟੋਲੇ ਬੇਗੁਨਾਹ ਲੋਕਾਂ ਦਾ ਲਹੂ ਹੀ ਡੋਲ੍ਹ ਰਹੇ ਹਨ ਅਤੇ ਇਹ ਵੱਖ ਵੱਖ ਧਰਮਤਾਂ ਵਿਚਕਾਰ ਪਾੜੇ ਪਾ ਰਹੇ ਹਨ। ਇਹ ਵੱਖੋ ਵੱਖ ਧਰਮਾਂ ਵਿਚਕਾਰ ਉਸ ਏਕਤਾ ਨੂੰ ਖੇਰੂੰ ਖੇਰੂੰ ਕਰਨੀ ਚਾਹੁੰਦੇ ਹਨ,ਜੋ ਏਕਤਾ ਜਲ੍ਹਿਆਂਵਾਲੇ ਬਾਗ ਵਿਚ ਹਿੰਦੂ,ਸਿੱਖ,ਮੁਸਲਮਾਨ ਅਤੇ ਈਸਾਈ ਲੋਕਾਂ ਨੂੰ ਆਪਣਾ ਖੂਨ ਡੋਲ੍ਹ ਕੇ ਸਿੰਜੀ ਸੀ। ਜਿਸ ਏਕਤਾ ਨੂੰ 1947 ਵਿਚ ਸਾਮਰਾਜ ਤੋੜਨ ਵਿਚ ਕਾਮਯਾਬ ਹੋ ਗਿਆ ਸੀ ਅਤੇ ਦੇਸ਼ ਨੂੰ ਧਰਮ ਦੇ ਆਧਾਰ ਉਪਰ ਟੁਕੜਿਆਂ ਵਿਚ ਵੰਡ ਦਿਤਾ ਸੀ।

1947 ਵਿਚ ਲੋਕਾਂ ਨੂੰ ਆਪਸ ਵਿਚ ਪਾੜਨ ਕਾਰਨ,ਜੋ ਲੱਖਾਂ ਜਾਨਾਂ ਘੱਟੇ ਰੁਲੀਆਂ ਸਨ ਅਤੇ ਹੋਰ ਅਰਬਾਂ-ਖਰਬਾਂ ਦਾ ਨੁਕਸਾਨ ਹੋਇਆ ਸੀ,ਉਸਨੂੰ ਛੇਤੀ ਹੀ ਪਿਛੋਂ ਸਾਡੇ ਲੋਕਾਂ ਨੇ ਮਹਿਸੂਸ ਕਰਨਾ ਸ਼ੁਰੂ ਕਰ ਦਿਤਾ ਸੀ,ਕਿ ਕਿੰਨੀ ਵੱਡੀ ਭੁੱਲ ਕਰ ਬੈਠੇ ਸਨ,ਇਸ ਪਸਚਾਤਾਪ ਦੀ ਗਵਾਹੀ 1947 ਤੋਂ ਪਿਛੋਂ ਲਿਖੀਆਂ ਅਨੇਕਾਂ ਕਵਿਤਾਵਾਂ,ਕਹਾਣੀਆਂ,ਨਾਵਲਾਂ ਅਤੇ ਨਾਟਕਾਂ ਵਿਚ ਦਰਜ ਹਨ। ਹੁਣ ਫਿਰ ਕੁਝ ਟੋਲੇ ਸਾਮਰਾਜ ਦੀ ਖੇਡ ਖੇਡਣ ਵਿਚ ਅੰਨ੍ਹੇ ਹੋ ਕੇ ਲੱਗੇ ਹੋਏ ਹਨ ਅਤੇ ਮੁੜਕੇ ਦੇਸ਼ ਦੇ ਟੁਕੜੇ ਕਰਨਾ ਲੋਚਦੇ ਹਨ।

ਜਲ੍ਹਿਆਂਵਾਲਾ ਬਾਗ ਸਾਨੂੰ ਇਹ ਸੰਦੇਸ਼ ਦੇ ਰਿਹਾ ਹੈ ਕਿ ਹਰ ਸ਼ਹਿਰੀ ਆਪਣੀ ਮਰਜ਼ੀ ਦਾ ਧਰਮ ਅਪਣਾ ਸਕਦਾ ਹੈ,ਇਹ ਉਸਦਾ ਨਿੱਜੀ ਮਾਮਲਾ ਹੈ,ਜੇ ਕੋਈ ਸ਼ਹਿਰੀ ਧਰਮ ਵਿਚ ਯਕੀਨ ਰੱਖਦਾ ਇਹ ਉਸਦਾ ਆਪਣਾ ਨਿੱਜੀ ਅਕੀਦਾ ਹੈ। ਕੋਈ ਸ਼ਹਿਰੀ ਚਾਹੇ ਤਾਂ ਆਪਣਾ ਧਰਮ ਤਬਦੀਲ ਕਰ ਸਕਦਾ ਹੈ। ਪਰ ਕਿਸੇ ਨੂੰ ਇਹ ਅਧਿਕਾਰ ਨਹੀਂ ਕਿ ਦੂਜੇ ਧਰਮ ਨੂੰ ਨਫਰਤ ਕਰੇ,ਦੂਜੇ ਧਰਮ ਦੇ ਨੁਕਸ ਕੱਢੇ,ਹਰ ਇਕ ਧਰਮ ਵਿਚ ਅਨੇਕਾਂ ਧਰਮ ਅਚਾਰੀਆਂ ਅਜਿਹੇ ਵੀ ਹੁੰਦੇ ਹਨ,ਜੋ ਗਲਤ ਪ੍ਰੰਪਰਾਵਾਂ ਉਪਰ ਕਿੰਤੂ ਕਰਦੇ ਹਨ। ਧਰਮ ਦਾ ਪ੍ਰਚਾਰ ਧਰਮ ਅਸਥਾਨਾਂ ਦੀ ਚਾਰ ਦੀਵਾਰੀ ਵਿਚ,ਧਰਮ ਨੂੰ ਮੰਨਣ ਵਾਲੇ ਘਰਾਂ ਵਿਚ ਜਾਂ ਬੰਦੇ ਦੇ ਆਪਣੇ ਦਿਲ ਵਿਚ ਰਹਿਣਾ ਚਾਹੀਦਾ ਹੈ। ਬਾਹਰ ਖੁੱਲ੍ਹੇ ਸੰਸਾਰ ਵਿਚ ਹਰ ਪ੍ਰਕਾਰ ਦੇ ਲੋਕ ਇਕੋ ਆਰਥਕ ਪ੍ਰਬੰਧ ਦੇ ਹੇਠ,ਰਾਜਨੀਤਕ ਅਸਰਾਂ ਹੇਠ ਬਰਾਬਰ ਦੇ ਪ੍ਰਭਾਵ ਕਬੂਲਦੇ ਹਨ,ਭਾਵੇਂ ਕਿ ਇਹ ਪ੍ਰਭਾਵ ਜਮਾਤੀ ਰੂਪ ਵਿਚ ਅਸਰ ਪਾਉਂਦੇ ਹਨ।

ਜਦੋਂ ਮਹਿੰਗਾਈ ਲੋਕਾਂ ਉਪਰ ਅਸਰ ਕਰਦੀ ਹੈ ਤਾਂ ਇਹ ਨਹੀਂ ਦੇਖਦੀ ਕਿ ਹਿੰਦੂ ਕੌਣ,ਸਿੱਖ ਜਾਂ ਮੁਸਲਮਾਨ ਕੌਣ ਹੈ,ਸਾਰੇ ਮਿਹਨਤ ਕਰਨ ਵਾਲੇ ਲੋਕਾਂ ਉਪਰ ਇਕੋ ਜਿਹਾ ਅਸਰ ਕਰਦੀ ਹੈ। ਕੋਈ ਸਿੱਖ ਟਰਾਂਸਪੋਟਰ,ਸਿੱਖ ਸਵਾਰੀਆਂ ਤੋਂ ਕਿਰਾਇਆ ਘੱਟ ਨਹੀਂ ਵਸੂਲਦਾ ਨਾ ਹੀ ਕੋਈ ਹਿੰਦੂ ਜਾਂ ਮੁਸਲਮ ਟਰਾਂਸਪੋਰਟ ਇਸ ਤਰ੍ਹਾਂ ਕਰਦਾ ਹੈ। ਸਾਰੇ ਕਿਸਾਨ ਹੀ ਚਾਹੁੰਦੇ ਹਨ ਕਿ ਕੀੜੇ ਮਾਰ ਦਵਾਈਆਂ ਖਾਦਾਂ,ਬਿਜਲੀ ਆਦਿ ਦੇ ਮੁੱਲ ਘੱਟ ਹੋਣ,ਸਾਰੇ ਕਿਸਾਨ ਹੀ ਚਾਹੁੰਦੇ ਹਨ ਕਿ ਉਨ੍ਹਾਂ ਦੀਆਂ ਜਿਨਸਾਂ ਦੇ ਭਾਅ ਯੋਗ ਦਿਤੇ ਜਾਣ। ਇਹ ਕਿਸਾਨ ਭਾਵੇਂ ਹਿੰਦੂ ਹਨ,ਸਿੱਖ ਹਨ ਜਾਂ ਮੁਸਲਮਾਨ,ਪੰਜਾਬ ਵਿਚ ਰਹਿੰਦੇ ਹਨ,ਹਰਿਆਣੇ,ਕਰਨਾਟਕ,ਗੁਜਰਾਤ ਜਾਂ ਬਿਹਾਰ ਵਿਚ। ਇਸ ਲਈ ਆਰਥਕਤਾ ਅਤੇ ਰਾਜਨੀਤੀ ਲੋਕਾਂ ਉਪਰ ਜਮਾਤੀ ਪੱਖੋਂ ਅਸਰ ਪਾਉਂਦੀ ਹੈ। ਕਿਸਾਨਾਂ,ਮਜ਼ਦੂਰਾਂ,ਮੁਲਾਜ਼ਮਾਂ ਆਦਿ ਦੀ ਪ੍ਰਤੀਨਿਧਤਾ ਕਰਨ ਵਾਲੀ ਪਾਰਟੀ ਦੀ ਰਾਜਨੀਤੀ ਇਕ ਹੋਵੇਗੀ। ਵਿਪਾਰੀਆਂ,ਸਨਤਕਾਰਾਂ,ਬੈਂਕਰਾਂ ਆਦਿ ਦੀ ਰਾਜਨੀਤੀ ਵੱਖਰੀ ਹੋਵੇਗੀ। ਇਸ ਲਈ ਧਰਮ ਤੇ ਰਾਜਨੀਤੀ ਇਕ ਨਹੀਂ ਹੋ ਸਕਦੇ। ਪਰ ਮਜ਼ਦੂਰਾਂ,ਕਿਸਾਨਾਂ,ਵਿਪਾਰੀਆਂ,ਸਨਤਕਾਰਾਂ ਦਾ ਧਰਮ ਇਕ ਹੀ ਹੋ ਸਕਦਾ ਹੈ।

ਦੂਸਰੇ,ਧਰਮ ਨੂੰ ਵਿਦਿਅਕ ਅਦਾਰਿਆਂ ਤੋਂ ਵੱਖਰਾ ਰੱਖਿਆ ਜਾਣਿਆ ਚਾਹੀਦਾ ਹੈ,ਪ੍ਰਤੂੰ ਇਸ ਸਚਾਈ ਨੂੰ ਜਾਣਦਿਆਂ ਆਜ਼ਾਦੀ ਮਗਰੋਂ ਕਾਂਗਰਸ ਹਾਕਮਾਂ ਨੇ ਇਸ ਪਾਸੇ ਜੋ ਨੀਤੀ ਧਾਰਨ ਕੀਤੀ,ਉਹ ਧਾਰਮਿਕ ਅਦਾਰਿਆਂ ਨੂੰ ਵਿਦਿਅਕ ਅਦਾਰੇ ਖੋਲ੍ਹਣ ਦੀ ਖੁੱਲ੍ਹ ਦੇਣੀ ਚਾਹੀਦੀ ਹੈ। ਅੱਜ ਹਰ ਧਰਮ ਦੇ ਆਪਣੇ ਸਕੂਲ,ਕਾਲਜ ਅਤੇ ਯੂਨੀਵਰਸਿਟੀਆਂ ਹਨ,ਜਿਨ੍ਹਾਂ ਵਿਚ ਧਾਰਮਿਕ ਕੱਟੜਤਾ ਪ੍ਰਚਾਰੀ ਜਾਂਦੀ ਹੈ। ਇਹ ਪੱਖ ਇੰਨਾ ਅੱਗੇ ਵਧ ਚੁੱਕਿਆ ਹੈ ਜਿਸਨੂੰ ਬਦਲਨ ਲਈ ਜੇ ਕੋਈ ਕਦਮ ਚੁੱਕਿਆ ਜਾਵੇ ਤਾਂ ਵੱਡੇ ਫਿਰਕੂ ਫਸਾਦਾਂ ਦੀ ਸੰਭਾਵਨਾ ਰੱਦ ਨਹੀਂ ਕੀਤੀ ਜਾ ਸਕਦੀ। ਇਸ ਪਾਸੇ ਜੇਕਰ ਕੋਈ ਠੋਸ ਕਦਮ ਚੁੱਕਿਆ ਜਾ ਸਕਦਾ ਹੈ ਤਾਂ ਉਹ ਸਿਰਫ ਲੋਕਾਂ ਨੂੰ ਸੂਝਬੂਝ ਦੇ ਕੇ ਹੀ ਕੀਤਾ ਜਾ ਸਕਦਾ ਹੈ। ਜਦੋਂ ਕਿ ਧਰਮ ਤੇ ਆਧਾਰਤ ਰਾਜਨੀਤਕ ਪਾਰਟੀਆਂ,ਭਾਰਤੀ ਜਨਤਾ ਪਾਰਟੀ,ਅਕਾਲੀ ਦਲ,ਮੁਸਲਮ ਲੀਗ ਆਦਿ ਆਪਣੀ ਹੋਂਦ ਹੀ ਫਿਰਕੂ ਭਾਵਨਾਵਾਂ ਨੂੰ ਭੜਕਾ ਕੇ ਹੀ ਕਾਇਮ ਰੱਖ ਰਹੀਆਂ ਹਨ। ਕਾਂਗਰਸ ਨੇ ਵੀ ਧਰਮ ਨਿਰਪੱਖਤਾ ਦਾ ਅਸੂਲ ਮੌਕਾ ਪ੍ਰਸਤੀ ਤੱਕ ਸੀਮਤ ਕਰ ਦਿਤਾ ਹੈ।

ਜਲ੍ਹਿਆਂਵਾਲੇ ਬਾਗ ਦੇ ਸ਼ਹੀਦ ਅੱਜ ਸਾਨੂੰ ਵੰਗਾਰ ਰਹੇ ਹਨ ਕਿ ਭਾਰਤ ਦੇ ਲੋਕੋ ਸਾਵਧਾਨ ਹੋਵੋ। ਅੱਜ ਦਾ ਨਵਾਂ ਸਾਮਰਾਜ ਅਮਰੀਕਾ ਉਨ੍ਹਾਂ ਦੀ ਧਰਤੀ ਉਪਰ ਕਪਟੀ ਨਿਗਾਹ ਨਾਲ ਦੇਖ ਰਿਹਾ ਹੈ। ਉਹ ਲੋਕਾਂ ਦੇ ਵਿਚ ਪਾੜੇ ਪਾਉਦ .ਪਾਉਣ ਲਈ ਧਰਮ ਤੋਂ ਬਿਨਾਂ,ਇਲਾਕਾ,ਜਾਤ,ਬੋਲੀ ਦੇ ਮਸਲੇ ਆਪਣੇ ਏਜੰਟਾਂ ਦੁਆਰਾ ਉਭਾਰ ਕੇ ਉਨ੍ਹਾਂ ਦੀ ਏਕਤਾ ਨੂੰ ਭੰਗ ਕਰਕੇ ਉਨ੍ਹਾਂ ਦੇ ਦਿਲਾਂ ਵਿਚ ਨਫਰਤ ਦੀ ਜ਼ਹਿਰ ਭਰ ਰਿਹਾ ਹੈ।

ਭਾਰਤ ਦੇ ਲੋਕ ਕਿਸੇ ਵੀ ਬਦੇਸ਼ੀ ਦਖਲ ਨੂੰ ਬਰਦਾਸ਼ਤ ਕਰਨ ਲਈ ਤਿਆਰ ਨਹੀਂ ਹਨ। ਏਸੇ ਲਈ ਸਾਮਰਾਜ ਆਪਣੇ ਏਜੰਟ ਸਾਡੇ ਭਾਰਤੀ ਲੋਕਾਂ ਵਿਚੋਂ ਹੀ ਖਰੀਦ ਕੇ,ਉਨ੍ਹਾਂ ਤੋਂ ਇਹ ਨਾਪਾਕ ਖੇਡ ਖਿਡਾ ਰਿਹਾ ਹੈ। ਉਹ ਲੋਕਾਂ ਦੇ ਮਨਾਂ ਵਿਚੋਂ ਸ਼ਹੀਦਾਂ ਦੀਆਂ ਕੁਰਬਾਨੀਆਂ ਪ੍ਰਤੀ ਸਤਿਕਾਰ ਨੂੰ ਖਤਮ ਕਰਨਾ ਚਾਹੁੰਦਾ ਹੈ,ਇਹ ਗੱਲ ਸਿੱਧੀ ਲੋਕਾਂ ਦੀ ਦੇਸ਼ ਭਗਤੀ ਦੇ ਜਜ਼ਬੇ ਉਪਰ ਸੱਟ ਮਾਰਦੀ ਹੈ।

ਜਦੋਂ ਕਿਸੇ ਦੇਸ਼ ਦੇ ਲੋਕ ਆਪਣੇ ਸ਼ਹੀਦਾਂ ਦੀਆਂ ਕੁਰਬਾਨੀਆਂ ਬਾਰੇ ਭੁੱਲ ਜਾਂਦੇ ਹਨ ਕਿ ਉਨ੍ਹਾਂ ਕੁਰਬਾਨੀਆਂ ਕਿਉਂ ਦਿਤੀਆਂ ਸਨ। ਜਦੋਂ ਸ਼ਹੀਦਾਂ ਦੀ ਦੇਸ਼ ਭਗਤੀ ਭੁੱਲ ਜਾਂਦੇ ਹਨ ਤਾਂ ਸਮਝੋ ਕਿ ਦੇਸ਼ ਦਾ ਭਵਿੱਖ ਖਤਰੇ ਵਿਚ ਹੈ।

ਦੇਸ਼ ਦੇ ਦੁਸ਼ਮਣ ਇਹ ਦੇਸ਼ ਧਰੋਹੀ ਕੰਮ ਉਸ ਸਮੇਂ ਹੀ ਕਰ ਸਕਦੇ ਹਨ ਜਦੋਂ ਦੇਸ਼ ਦੀ ਸਰਕਾਰ ਨੂੰ ਚਲਾਉਣ ਵਾਲੀ ਪਾਰਟੀ ਤੰਗ ਰਾਜਸੀ ਲਾਭਾਂ ਨੂੰ ਧਿਆਨ ਵਿਚ ਰੱਖ ਕੇ ਦੇਸ਼ ਦੇ ਵਿਆਪਕ ਹਿੱਤਾਂ ਨੂੰ ਵਿਸਾਰ ਬੈਠੇ। ਜਦੋਂ ਹਾਕਮ ਪਾਰਟੀ ਹਾਕਮ ਜਮਾਤਾਂ ਦੇ ਮੁਨਾਫਿਆਂ ਲਈ ਆਮ ਲੋਕਾਂ ਦੇ ਹਿੱਤਾਂ ਦੀ ਉਕਾ ਹੀ ਪ੍ਰਵਾਹ ਨਾ ਕਰੇ ਤਾਂ ਫਿਰ ਉਸ ਸਮੇਂ ਦੇਸ਼ ਦੇ ਦੁਸ਼ਮਣਾਂ ਲਈ ਆਪਣੀਆਂ ਨੀਚ ਕਾਰਵਾਈਆਂ ਕਰਨ ਲਈ ਬੜੀ ਸੌਖ ਹੋ ਜਾਂਦੀ ਹੈ।

ਜਲ੍ਹਿਆਂਵਾਲੇ ਬਾਗ ਦੇ ਸ਼ਹੀਦਾਂ ਦਾ ਸੰਦੇਸ਼ ਅੱਜ ਸਾਨੂੰ **ਲੋਕ-ਏਕਤਾ,ਧਰਮ ਨਿਰਪੱਖਤਾ ਅਤੇ ਸਾਮਰਾਜ ਦੀਆਂ ਸਾਜ਼ਸ਼ਾਂ ਤੋਂ ਸਾਵਧਾਨ ਰਹਿਣ ਲਈ ਪੁਕਾਰ ਰਿਹਾ ਹੈ।**

ਉਪਰੋਕਤ ਤਿੰਨੇ ਉਦੇਸ਼ਾਂ ਦੀ ਪ੍ਰਾਪਤੀ ਲਈ ਫੌਰੀ ਤੌਰ ਉਪਰ ਲੋਕਾਂ ਨੂੰ ਚਾਹੀਦਾ ਹੈ:

- ਕਿ ਦੇਸ਼ ਦੇ ਦੁਸ਼ਮਣ ਵੱਖਵਾਦੀਆਂ ਅੱਤਵਾਦੀਆਂ ਨੂੰ ਨਿਖੇੜਿਆ ਜਾਵੇ।
- ਲੋਕਾਂ ਵਿਚ ਆਪਸੀ ਏਕਤਾ ਉਸਾਰੀ ਜਾਵੇ। ਖੁੱਲ੍ਹ ਕੇ ਅੱਤਵਾਦੀਆਂ ਦੇ ਨੀਚ ਕਾਰਿਆਂ ਦੀ ਨਿਖੇਧੀ ਕੀਤੀ ਜਾਵੇ।
- ਕੇਂਦਰੀ ਸਰਕਾਰ ਰਾਜਾਂ ਨੂੰ ਵੱਧ ਅਧਿਕਾਰ ਦੇਵੇ।
- ਪੰਜਾਬ ਸਮਝੌਤਾ ਤੁਰੰਤ ਲਾਗੂ ਕੀਤਾ ਜਾਵੇ ਤਾਂ ਜੋ ਵੱਖਵਾਦੀਆਂ ਕੋਲ ਪ੍ਰਚਾਰ ਲਈ ਕੋਈ ਬਹਾਨਾ ਨਾ ਰਹੇ।

# ਵੈਨਕੂਵਰ ਦੇ ਘਰਾਂ,ਬੇਸਮਿੰਟਾਂ ਅਤੇ ਕਿਰਾਏਦਾਰਾਂ ਸਬੰਧੀ ਪਬਲਿਕ ਮੀਟਿੰਗ

**ਗੁਰਨਾਮ ਸਿੰਘ ਸੰਘੇੜਾ**

ਬੇਸਮਿੰਟਾਂ ਦੇ ਮਸਲੇ ਨੂੰ ਠੀਕ ਢੰਗ ਨਾਲ ਪੇਸ਼ ਕਰਨ ਲਈ ਈਸਟ ਇੰਡੀਅਨ ਵਰਕਰਜ਼ ਐਸੋਸੀਏਸ਼ਨ ਆਫ ਕੈਨੇਡਾ ਨੇ "ਕਲਾਰਨੀ ਕਮਿਊਨਿਟੀ ਸੈਂਟਰ"ਵੈਨਕੂਵਰ ਵਿਚ 15 ਮਾਰਚ 1987 ਨੂੰ ਪਬਲਿਕ ਜਲਸਾ ਕੀਤਾ ।ਇਸ ਮਸਲੇ ਪਿਛੇ ਧਨੀ ਅਪਾਰਟਮੈਂਟ ਮਾਲਕਾਂ,ਜ਼ਮੀਨ ਮਾਲਕਾਂ ਅਤੇ ਖਾਲੀ ਅਪਾਰਟਮੈਂਟ ਭਰਨ ਦੇ ਹਿਤ ਤੇ ਜ਼ਮੀਨ ਦੀਆਂ ਕੀਮਤਾਂ ਅਤੇ ਅਗਲੇ ਸਾਲ ਦੀ ਕੌਂਸਲ ਦੀ ਚੋਣ ਭੀ ਸੰਬੰਧਤ ਹੈ । ਸੋ ਇਸ ਮਸਲੇ ਨੂੰ ਠੀਕ ਢੰਗ ਨਾਲ ਚੁਕਣ ਤੇ ਹੱਲ ਕਰਾਉਣ ਲਈ ਈਸਟ ਇੰਡੀਅਨ ਵਰਕਰਜ਼ ਐਸੋਸੀਏਸ਼ਨ ਨੇ ਬੀੜਾ ਚੁੱਕਿਆ ਤੇ ਅਤਿ ਸਫਲ ਮੀਟਿੰਗ ਕੀਤੀ ਜਿਸਦੀ ਕਾਰਵਾਈ ਸਕੱਤਰ ਸਾਥੀ ਮਹਿੰਦਰ ਸੂਮਲ ਨੇ ਨਿਭਾਈ ਤੇ ਪ੍ਰਧਾਨਗੀ ਸਾਥੀ ਸੁਰਿੰਦਰ ਸਿੰਘ ਸੰਘਾ ਨੇ ਕੀਤੀ ।

**ਮਸਲਾ ਕੀ ਹੈ ?:**—ਮਸਲਾ ਨਵੇਂ ਤੇ ਪੁਰਾਣੇ ਘਰਾਂ ਦੀਆਂ ਬੇਸਮਿੰਟਾਂ (ਜੋ ਜ਼ਮੀਨ ਉਪਰ ਪਹਿਲੀ ਮੰਜ਼ਲ ਹੈ ਜਿਸਨੂੰ ਗਰਾਊਂਡ ਫਲੋਰ ਜਾਂ ਬੇਸਮਿੰਟ ਆਖਦੇ ਹਨ) ਇਸ ਲੋਕ ਵਿਰੋਧੀ ਕੌਂਸਲ ਨੇ ਚੋਣ ਤੋਂ ਛੇਤੀ ਪਿਛੋਂ ਇਸ ਸਾਲ ਫੈਸਲਾ ਕੀਤਾ ਕਿ ਜਿਹੜੀਆਂ ਬੇਸਮਿੰਟਾਂ ਨੂੰ ਕਿਰਾਏ ਤੇ ਚੜ੍ਹਾਉਣ ਦਾ ਪਰਮਿਟ ਨਹੀਂ ਉਹ ਗੈਰ ਕਾਨੂੰਨੀ ਅਤੇ ਜੇ ਇਨ੍ਹਾਂ ਬੇਸਮਿੰਟਾਂ ਬਾਰੇ ਕੋਈ ਵੀ ਸ਼ਿਕਾਇਤ ਕਰੇ ਤਾਂ ਸਿਟੀ ਇਹ ਬੰਦ ਕਰਾ ਦੇਵੇਗੀ ਅਤੇ ਕਿਰਾਏਦਾਰ ਕੱਢੇ ਜਾਣਗੇ । ਨਾਲ ਹੀ ਘਰ ਵਿਚ ਦੂਜੀ ਰਸੋਈ (ਕਿਚਨ)ਬਣਾਉਣ ਦੀ ਇਜਾਜ਼ਤ ਨਹੀਂ । ਨਵੇਂ ਘਰਾਂ ਵਿਚ ਭੀ ਬੇਸਮਿੰਟ ਬਣਾਉਣ ਅਤੇ ਦੂਜੀ ਕਿਚਨ ਬਣਾਉਣ ਤੇ ਫਰਵਰੀ 1987 ਨੂੰ ਪਾਬੰਦੀ ਲਾ ਦਿਤੀ । ਸੋ ਬੇਸਮਿੰਟ ਤੇ ਕਿਚਨ ਬਣਾਉਣ ਨਹੀਂ ਦੇਣੇ ਤੇ ਹੁਣ ਤੋਂ ਪਹਿਲੇ ਸਾਰੇ ਘਰਾਂ ਦੀਆਂ ਬੇਸਮਿੰਟਾਂ ਤੇ ਕਿਚਨਾਂ ਬੰਦ ਕਰਨੀਆਂ,ਕਿਰਾਏਦਾਰ ਕੱਢਣੇ ਹਨ । ਸੋ ਜੇ ਇਕ ਪਰਿਵਾਰ ਦੇ ਘਰ ਵਾਲੇ,ਉਨ੍ਹਾਂ ਦੇ ਬਜ਼ੁਰਗ ਮਾਂ-ਬਾਪ ਤੇ ਉਨ੍ਹਾਂ ਦੇ ਬੱਚੇ ਇਕ ਯੂਨਿਟ ਦੇ ਤੌਰ ਤੇ ਉਪਰ ਅਤੇ ਥੱਲੇ ਬੇਸਮਿੰਟ ਵਿਚ ਰਹਿੰਦੇ ਤੇ ਪਕਾਉਂਦੇ ਹਨ ਤਾਂ ਸ਼ਿਕਾਇਤ ਹੋਣ ਤੇ ਕੱਢੇ ਜਾਣਗੇ । ਇਸ ਤਰ੍ਹਾਂ ਭਾਰਤੀ,ਚੀਨੇ ਤੇ ਇਟਾਲੀਅਨ ਪਰਿਵਾਰ ਤੋੜੇ ਜਾਣਗੇ । ਭੈਣ ਭਾਈ,ਜਬਰਦਸਤੀ ਜੁਦੇ ਕੀਤੇ ਜਾਣਗੇ । ਆਮ ਗਰੀਬ,ਘੱਟ ਤਨਖਾਹ ਵਾਲੇ,ਬਜ਼ੁਰਗ, ਵਿਦਿਆਰਥੀ,ਮੌਸਮੀ ਕੰਮ ਵਾਲੇ,ਬੇ-ਰੋਜ਼ਗਾਰ ਅਤੇ ਸਿੰਗਲ ਮਦਰਜ਼ ਆਦਿ ਉਪਰ ਜਬਰਦਸਤ ਹਮਲਾ ਹੈ । ਘਰਾਂ ਦੀਆਂ ਬੇਸਮਿੰਟਾਂ ਸਸਤੇ ਕਿਰਾਏ ਤੇ ਹਨ । ਦੂਜੇ ਪਾਸੇ ਅਪਾਰਟਮੈਂਟਾਂ ਦੇ ਕਿਰਾਏ ਬਹੁਤ ਜ਼ਿਆਦਾ ਹਨ ਜੋ ਪਹੁੰਚ ਤੋਂ ਬਾਹਰ ਹਨ ।

ਖਚਾ ਖਚ ਭਰੇ ਹਾਲ ਵਿਚ,ਈਸਟ ਇੰਡੀਅਨ ਵਰਕਰਜ਼ ਐਸੋਸੀਏਸ਼ਨ ਦੇ ਸਕੱਤਰ ਸਾਥੀ ਮਹਿੰਦਰ ਸਿੰਘ ਸੂਮਲ ਨੇ ਮੀਟਿੰਗ ਸ਼ੁਰੂ ਕਰਨ ਸਮੇਂ ਬੇਸਮਿੰਟਾਂ ਦਾ ਮਸਲਾ ਅਤੇ ਇਸਦੇ ਪਰਿਵਾਰਾਂ ਨੂੰ ਤੋੜਨ,ਨਸਲਵਾਦ ਫੈਲਾਉਣ ਅਤੇ ਵਿਦਿਆਰਥੀਆਂ ਤੇ ਗਰੀਬ ਲੋਕਾਂ ਨੂੰ ਘਰਾਂ ਵਿਚੋਂ ਕੱਢਣ ਦੇ ਮਾਰੂ ਅਸਰਾਂ ਬਾਰੇ ਦਸਦੇ ਹੋਏ ਪਰੋਗਰਾਮ ਨੂੰ ਬੜੇ ਸੁਚੱਜੇ ਢੰਗ ਨਾਲ ਉਲੀਕਿਆ ਤੇ ਪੇਸ਼ ਕੀਤਾ । ਉਨ੍ਹਾਂ ਨੇ ਦਸਿਆ ਕਿ ਜੇਕਰ ਥੱਲੇ ਦੇ ਹਿੱਸੇ ਵਿਚ ਕਮਰੇ ਤੇ ਦੂਜੀ ਕਿਚਨ ਨਹੀਂ ਬਣਾ ਸਕਦੇ ਤਾਂ ਗੱਲਸਾਫ ਹੈ ਕਿ ਉਪਰ ਸਿਰਫ ਪਤੀ ਪਤਨੀ ਤੇ ਮਸੀਂ ਦੋ ਤਿੰਨ ਬੱਚੇ ਹੀ ਰਹਿ ਸਕਣਗੇ । ਫਿਰ ਇਸਦਾ ਭਾਵ ਕਿ ਘਰ ਵਾਲੇ ਦੇ ਮਾਂ ਬਾਪ ਅਤੇ ਵਿਆਹਿਆ ਹੋਇਆ ਲੜਕਾ ਜਾਂ ਭੈਣ ਭਾਈ ਨੂੰ ਘਰ ਵਿਚੋਂ ਕਢਿਆ ਜਾਵੇਗਾ । ਅਸੀਂ ਮਾਂ ਬਾਪ ਨੂੰ ਪੱਛਮੀ ਸਭਿਅਤਾ ਵਾਂਗ ਰੈਸਟ ਹੋਮਜ਼ ਵਿਚ ਨਹੀਂ ਭੇਜ ਸਕਦੇ । ਅਸੀਂ ਆਪ ਸੇਵਾ ਕਰਦੇ ਹਾਂ । ਸੋ ਪਰਿਵਾਰ ਦੇ ਏਕਤਾ ਬਚਾਉ ਲਈ ਅਤੇ ਘੱਟ ਆਮਦਨ ਵਾਲੇ ਲੋਕਾਂ ਨੂੰ ਬਚਾਉਣ ਲਈ ਕੌਂਸਲ ਦੇ ਇਸ ਘਿਨਾਉਣੀ ਨੀਤੀ ਵਿਰੁੱਧ ਲੜਨਾ ਜ਼ਰੂਰੀ ਹੈ ।

ਸਟੇਜ ਦੀ ਪ੍ਰਧਾਨਗੀ ਲਈ ਈਸਟ ਇੰਡੀਅਨ ਵਰਕਰਜ਼ ਐਸੋਸੀਏਸ਼ਨ ਆਫ ਕੈਨੇਡਾ ਦੇ ਪ੍ਰਧਾਨ ਸਾਥੀ ਸੁਰਿੰਦਰ ਸਿੰਘ ਸੰਘਾ ਨੂੰ ਮੀਟਿੰਗ ਦੀ ਕਾਰਵਾਈ ਆਰੰਭ ਕਰਨ ਲਈ ਤਾੜੀਆਂ ਦੀ ਗੂੰਜ ਵਿਚ ਸਦਿਆ ਗਿਆ ਫਿਰ ਸਾਥੀ,ਗੁਰਨਾਮ ਸਿੰਘ ਸੰਘੇੜਾ ਨੂੰ ਸਪੋਕਸ ਪਰਸਨ ਦੇ ਤੌਰ ਤੇ ਅਤੇ ਅੰਗਰੇਜ਼ੀ ਦੇ ਪੱਖ ਨੂੰ ਕਵਰ ਕਰਨ ਲਈ ਸਟੇਜ ਤੇ ਸਦਿਆ ਗਿਆ ।

ਸਾਥੀ ਮਹਿੰਦਰ ਸਿੰਘ ਸੂਮਲ ਨੇ ਹੈਰੀ ਰਿੰਕਨ ਨੂੰ ਆਪਣੀ ਸਪੀਚ ਦੇਣ ਲਈ ਸਦਿਆ ਗਿਆ ਜਿਸਦੇ ਦਰਸ਼ਕਾਂ ਨੇ ਭਰਵਾਂ ਸੁਆਗਤ ਕੀਤਾ । ਹੈਰੀ ਰਿੰਕਨ ਨੇ ਬਹੁਤ ਹੀ ਵਧੀਆ ਤੇ ਅਸਰਦਾਇਕ ਢੰਗ ਨਾਲ ਮਸਲੇ ਦੇ ਹਰ ਪੱਖ ਨੂੰ ਪੰਜ ਪਾਸਿਆਂ ਵਿਚ ਵੰਡ ਕੇ ਵਿਸਥਾਰ ਪੂਰਬਕ ਪਰ ਸਰਲ ਤਰੀਕੇ ਨਾਲ ਪੇਸ਼ ਕੀਤਾ । ਲੋਕਾਂ ਦੇ ਚਿਹਰਿਆਂ ਤੋਂ ਸਾਫ ਦਿਸਦਾ ਸੀ ਕਿ ਉਹ ਕਿੰਨੇ ਪ੍ਰਭਾਵਤ ਸਨ । ਹੈਰੀ ਰੈਨਕਨ ਨੇ ਆਖਿਆ ਕਿ ਪਿਛਲੇ ਸੱਠ ਸਾਲਾਂ ਵਿਚ 95 (ਪਚੱਨਵੇਂ)ਫੀ ਸਦੀ ਸਮਾਂ ਸੱਜ ਪਿਛਾਖੜੀ ਐਨ.ਪੀ.ਏ. ਤਾਕਤ ਵਿਚ ਰਹੀ ਹੈ ਅਤੇ ਉਸਦੇ ਸਮੇਂ ਵਿਚ ਬੇਸਮਿੰਟਾਂ ਤੇ ਦੂਜੀ ਕਿਚਨ ਬਣਦੇ ਰਹੇ ਪਰ ਉਸਨੇ ਲੋਕਾਂ ਦੀ ਆਰਥਕ ਪਹੁੰਚ ਵਾਲੇ ਘਰ ਨਾ ਬਣਾਏ । ਇਸ ਸ਼ਹਿਰ ਵਿਚ ਬਹੁ ਸਾਰੀਆਂ ਨਸਲਾਂ ਤੇ ਰੰਗ ਦੇ ਲੋਕ ਹਨ । ਇਥੇ ਦੇ ਸਾਰੇ ਲੋਕ ਅਮਨ ਨਾਲ ਰਹਿਣਾ ਚਾਹੁੰਦੇ ਹਨ ਪਰ ਇਸ ਕੌਂਸਲ ਦੀਆਂ ਬੇਹੂਦਾ ਤਜਵੀਜ਼ਾਂ ਪੁੱਠੇ ਪਾਸੇ ਲਿਜਾਣਗੀਆਂ । ਇਸ ਪਾਲਿਸੀ ਵਿਚ ਨਸਲਵਾਦੀ ਰੰਗਤ ਦਿਸਦੀ ਹੈ । ਉਸਨੇ ਅੱਗੇ ਕਿਹਾ ਕਿ ਜਸਨੇ ਮਹਿੰਗਾ ਲਾਟ ਲੈਣਾ ਹੈ,ਉਹ ਛੋਟੀ ਜਿਹੀ ਕੁਟੀਆ ਕਿਵੇਂ ਪਾਵੇਗਾ ਕਾਰਾਂ ਦੀ ਗਲ ਬਾਰੇ ਦਸਿਆ ਕਿ ਹੁਣ ਤੇ ਇਕ ਪਰਿਵਾਰ ਵਿਚ ਭੀ ਹਰ ਮੈਂਬਰ ਪਾਸ ਕਾਰ ਹੈ । ਸੋ ਇਹ ਬੇਹੂਦਾ ਦਲੀਲ ਹੈ । ਉਸਨੇ ਆਖਿਆ ਕਿ ਇਸ ਮਸਲੇ ਤੇ ਖੋਜ ਹੋਵੇ ਅਤੇ ਇਕ ਲਾਈਨ ਮਿਥੀ ਜਾਵੇ । ਉਸਨੇ ਸਾਡੀ ਕਮਿਊਨਿਟੀ ਦੀਆਂ ਮਾਂ ਬਾਪ ਦੀ ਸੇਵਾ ਆਦਿ ਦੀ ਪ੍ਰਸ਼ੰਸਾ ਕੀਤੀ ਤੇ ਕਿਹਾ ਕਿ ਐਂਗਲੋ ਸੈਕਸ਼ਨ ਨੂੰ ਭੀ ਇਹ ਸਿੱਖਣਾ ਚਾਹੀਦਾ ਹੈ । ਉਸਨੇ ਇਹ ਭੀ ਕਿਹਾ ਕਿ ਸ਼ਹਿਰ ਬਦਲਦਾ ਰਿਹਾ ਹੈ ਅਤੇ ਇਸਦੇ ਘਰਾਂ ਦੀ ਬਣਤਰ ਤੇ ਸਾਈਜ਼ ਭੀ । ਇਹ ਬਹੁ-ਨਸਲੀ ਤੇ ਬਹੁ-ਸਭਿਆਚਾਰਕ ਹੈ,ਸੋ ਉਸਦੇ ਅਨੁਸਾਰ ਹੀ ਘਰ ਹੋਣਗੇ । ਉਸਨੇ ਦਸਿਆ ਕਿ "ਕੋਪ"ਦੀ ਕੌਂਸਲ ਦੇ ਸਮੇਂ "ਆਰਥਕ ਤੰਗੀ"ਆਦਿ ਦੀ ਮੱਦ ਹੇਠ ਅਸੀਂ ਬੇਸਮਿੰਟ ਸੂਈਟ ਦੀ ਮਨਜ਼ੂਰੀ ਦਿੰਦੇ ਰਹੇ ਹਾਂ । ਉਸਨੇ ਆਖਿਆ ਹੋਰ ਵਾਧੂ ਟੈਕਸ ਲਾਉਣ ਦੀ ਲੋੜ ਨਹੀਂ । ਬੇਸਮਿੰਟਾਂ ਹੈਲਥ ਅਤੇ ਸੇਫਟੀ ਸ਼ਟੈਂਡਰਡ ਦੀਆਂ ਹੋਣ ਤਾਂ ਠੀਕ ਹੈ । ਉਸਨੇ ਆਖਿਆ ਕਿ ਏਰੀਏ ਦੀਆਂ ਮੀਟਿੰਗਾਂ ਰਾਹੀਂ ਲੋਕਾਂ ਨੂੰ ਆਪਸ ਵਿਚ ਨਾ ਲੜਾਉ ।

ਫਿਰ ਟੈਂਨੈਂਟਸ ਰਾਈਟਸ ਕੁਲੀਸ਼ਨ ਦੇ ਪ੍ਰਧਾਨ ਡੇਵਿਡ ਲੇਨ (ਜੋ ਬੀਮਾਰੀ ਦੀ ਹਾਲਤ ਵਿਚ ਭੀ ਆਇਆ ਸੀ)ਨੇ ਕਿਰਾਏਦਾਰਾਂ ਦਾ ਵਧੀਆ ਪੱਖ ਪੇਸ਼ ਕੀਤਾ । ਉਸਨੇ ਦਸਿਆ ਕਿ ਐਨ.ਪੀ.ਏ.ਨੂੰ ਪਤਾ ਨਹੀਂ ਲੱਗ ਰਿਹਾ ਕਿ ਕਿਵੇਂ ਕਰੇ । ਉਸਨੇ ਆਖਿਆ ਕਿ ਜੇ ਵੀਹ ਹਜ਼ਾਰ ਬੇਸਮਿੰਟ ਸੂਈਟ ਖਾਲੀ ਕਿਰਾਏ ਜਾਣ ਤਾਂ ਫਿਰ ਉਹ ਪੰਜਾਹ ਹਜ਼ਾਰ ਬੰਦਾ ਕਿਥੇ ਜਾਏਗਾ। ਇਥੇ ਇੰਨੀ ਰਿਹਾਇਸ਼ੀ ਥਾਂ ਨਹੀਂ ਜੋ ਉਨ੍ਹਾਂ ਦੀ ਪਹੁੰਚ ਵਿਚ ਹੋਵੇ ਤੇ ਕੌਂਸ਼ਲ ਨੇ ਕੋਈ ਹੋਰ ਘਰ ਬਣਾਉਣੇ ਨਹੀਂ । ਉਸ ਦਸਿਆ

ਬਾਕੀ ਸਫਾ 18 ਉਤੇ

# ਗੁਮਨਾਮ ਸ਼ਹੀਦੋ !

ਦਰਸ਼ਨ ਸਿੰਘ ਮਾਸਟਰ

ਨਾ ਬਰਸੀ ਨਾ ਜਨਮ ਦਿਹਾੜੇ
ਨਾ ਹੀ ਲਗਦੇ ਕਬਰੀਂ ਮੇਲੇ
ਫਿਕਰ ਫਿੜੇ ਗੁਮਨਾਮ ਸ਼ਹੀਦੋ !
ਐਪਰ ਸੱਥਾਂ ਵਿਚ ਦੋ ਵੇਲੇ
ਕੀ ਹੋਇਆ ਇਤਿਹਾਸ ਦੇ ਪੰਨੇ
ਨਾਮ ਤੁਹਾਡੇ ਤੋਂ ਜੇ ਕੋਰੇ
ਕੰਧਾਂ ਉੱਤੇ ਉੱਕਰੇ ਹੋਏ
ਨਾਮ ਤੁਹਾਡੇ ਕਿਹੜਾ ਖੋਰੇ ?

ਅਮਰ ਸ਼ਹੀਦੋ ! ਨਾਮ ਤੁਹਾਡੇ
ਸੂਰਜ ਵਾਂਗੂੰ ਰੌਸ਼ਨ ਰਹਿਸਣ
ਵਾਰ ਕਹਿਣਗੇ ਜਦ ਵੀ ਸ਼ਾਇਰ
ਜੀਵੇ ਨਾਮ ਚਰੂਰੀ ਲੈਸਣ
ਭਿਖੜੇ ਪੈਂਡੇ ਜਦੋਂ ਸੂਰਮਾ
ਕੋਈ ਇਧਰੇ ਪੈਰ ਧਰੇਗਾ
ਵਾਕ ਤੁਹਾਡੇ ਨਾਂ ਦਾ ਲੈਕੇ
ਸੱਚਾ ਸੁੱਚਾ ਅਹਿਦ ਕਰੇਗਾ
ਜਾਮ-ਸ਼ਹਾਦਤ ਪੀਵਣ ਵਾਲੇ
ਨਾਮ ਤੁਸਾਂ ਦਾ ਲੈਕੇ ਪੀਸਣ
ਨਾਮ ਤੁਹਾਡੇ ਲੋਕ-ਮਨਾਂ ਵਿਚ
ਰਹਿੰਦੀ ਦੁਨੀਆਂ ਤੀਕਰ ਜੀਸਣ

ਆਜ਼ਾਦੀ ਲਈ ਜੂਝਣ ਵਾਲੇ
ਕੁਰਬਾਨੀ ਦੇ ਪੀਰ ਪੰਜਲੇ
ਲੋਕ-ਦਿਲਾਂ ਵਿਚ ਵਾਸ ਜਿਨ੍ਹਾਂ ਦਾ
ਵਿਚ ਕਥਾਵਾਂ ਜੀਂਦੇ ਹਾਲੇ
ਮਰਜੀਵੜਿਆਂ ਅਹਿਦ ਪੁਗਾਏ
ਅੰਤਮ ਤੀਕ ਸਵਾਸਾਂ ਨਾਲੇ
ਮਾਰਗ ਤੋਂ ਨਾ ਭਟਕੇ ਸੂਰੇ
ਝਾਗੇ ਜਬਰ ਅਨੇਕਾਂ ਜਾਲੇ
ਤੋਪਾਂ ਨਾਲ ਉਡਾਏ, ਦਿਤੇ
ਘੋਰ ਤਸੀਹੇ ਹੋਰ ਨਿਰਾਲੇ
ਦਰਦਾਂ ਈਨ ਨਾ ਮੰਨੀ ਕਾਈ
ਡੋਲੇ ਮੂਲ ਨਾ ਵੀਰ ਜੀਆਲੇ
ਰਹੇ ਅਹਿੱਲ ਅਡੋਲ ਖਲੋਤੇ
ਗੱਡੇ ਜੀਵਣ ਪੈਰ ਪਤਾਲੇ
ਆਪਾ ਵਾਰਾਂ ਜੂਝਣਹਾਰਾਂ
ਆਪਾ ਕੀਤਾ ਦੇਸ ਹਵਾਲੇ
ਗੂੰਜ ਰਹੇ ਨੇ ਬੋਲ ਉਨ੍ਹਾਂ ਦੇ
'ਸੂਰਾ ਸੋ ਜੋ ਘਾਲਾਂ ਘਾਲੇ'

ਹਾਲੇ ਨਹੀਂ ਦਸਤੂਰ ਬਦਲਿਆ
ਸੱਤਾ 'ਤੇ ਕਾਬਜ਼ ਹੱਤਿਆਰੇ
'ਰਾਜੇ ਸ਼ੀਂਹ ਮੁਕਦਮ ਕੁੱਤੇ'
'ਨਾਨਕ' ਹਾਲੇ ਤੀਕ ਪੁਕਾਰੇ
ਜਕੜੇ ਹੋਏ ਵਿਚ ਜ਼ੰਜੀਰਾਂ
ਹਾਲੇ ਤੀਕਰ ਛੰਨਾਂ ਚਾਰੇ
ਅਫ਼ਸਰਸ਼ਾਹੀ ਹਾਲੇ ਤੀਕਰ
ਪੀ ਪੀ ਕੇ ਲਹੂ ਬੁਲ੍ਹ ਸਵਾਰੇ
ਜਾਂਦੇ ਨੇ ਦਿਨ ਦੀਵੀਂ ਹਾਲੇ
ਹੱਕ ਨਿਆਂ 'ਤੇ ਡਾਕੇ ਮਾਰੇ
ਮੁਨਸਫ਼ ਖਚਰੀ ਜਿਹੀ ਹਾਸੀ
ਹੱਸੀ ਜਾਂਦਾ, ਵਕਤ ਗੁਜ਼ਾਰੇ
ਮਿੱਟੀ ਕਿੱਦਾਂ ਪੁੱਟੀ ਵੀ ਏ
ਕੀ ਦਸਾਂ ਕਾਨੂੰਨਾਂ ਬਾਰੇ
ਅੰਨ੍ਹੀ ਪੀਹਵੇ ਕੁੱਤੀ ਚੱਟੇ
ਦੋਹਦੀ ਏ ਪਈ ਕੁਟਾਂ ਚਾਰੇ
ਡਾਕੂ ਚੋਰ ਲੁਟੇਰੇ ਹਾਲੇ
ਨਾਲ ਖਤਾਬਾਂ ਜਾਣ ਸ਼ਿੰਗਾਰੇ
ਫ਼ਿਰਕੇਦਾਰੀ ਹਾਲੇ ਤੀਕਰ
ਕਰਦੀ ਏ ਪਈ ਘੱਲੂਘਾਰੇ
ਆਦ ਜੁਗਾਦੀ ਵਸਦੇ ਲੋਕੀਂ
ਛੱਡ ਤੁਰੇ ਘਰ ਬਾਰ ਵਿਚਾਰੇ

ਨਾਲ ਬਦੀ ਨੇਕੀ ਟਕਰੌਂਦੀ
ਦੇਸ਼ ਭਗਤ ਨਹੀਂ ਹਾਲੇ ਹਾਰੇ
ਕਿਰਤਕਾਰ ਕਿਸਾਨ ਮੁਲਾਜ਼ਮ
ਦਲ ਮਜ਼ਦੂਰਾਂ ਜੂਝਣਹਾਰੇ
ਕੁੱਦ ਰਹੇ ਨੇ ਲਹਿਰਾਂ ਦੇ ਵਿਚ
ਜੂਝ ਰਹੇ ਲਾ ਚੋਟ ਨਗਾਰੇ
ਮੁੱਕੀ ਨਹੀਂ ਲੜਾਈ ਹਾਲੇ
ਵੱਟੇ ਮੁੱਛੀਂ ਗੂੰਜਣ ਨਾਹਰੇ
ਮਰਦੇ ਪਏ ਨੇ ਮੌਤ ਆਪਣੀ
ਝੂਠੇ ਨਾਹਰੇ ਖਾਲੀ ਲਾਰੇ
ਲਾਠੀ ਗੋਲੀ ਹਾਲੇ ਤਾਵੇਂ
ਕਰ ਜਾਂਦੀ ਏ ਖੂੰਨੀ ਕਾਰੇ
ਐਪਰ ਰਲਕੇ ਮਜ਼ਲੂਮਾਂ ਵੀ
ਕਰਨੇ ਆਖਰ ਹੱਥ ਕਰਾਰੇ

ਲੱਗਦੇ ਨੇ ਗੁਮਨਾਮ ਸ਼ਹੀਦੋ !
ਨਾਮ ਤੁਹਾਡੇ ਦੇ ਜੈਕਾਰੇ
ਆਸ਼ਾ ਏ ਕਿ ਔਂਦੀ ਰੁੱਤੇ
ਹੋ ਜਾਵਣਗੇ ਪਾਰ ਉਤਾਰੇ
ਉੱਡਣ ਉੱਡਣ ਕਰਦੀ ਏ ਪਈ
ਵਰਗ-ਚੇਤਨਾ ਖੰਭ ਪਸਾਰੇ ☆

# ਜਿੰਦੂਆ

ਜਿੰਦੂਆ ਜ਼ਰਾ ਕਰਾਚੀ ਜਾਈਂ
ਜਾਕੇ ਪੱਕੀ ਖ਼ਬਰ ਲਿਆਈਂ
ਲੋਕੀ ਝੱਈਆਂ ਲੈ ਲੈ ਜਿੱਥੇ
ਕਹਿੰਦੇ ਪੈਣ ਜਿਆ ਦੇ ਤਾਈਂ
ਸ਼ਕਤੀ ਦੇ ਸਾਗਰ ਸੁੱਕੇ ਨੇ
ਕਹਿੰਦੇ ਨੇ ਥਾਣੇ ਫੂਕੇ ਨੇ

ਜਿੰਦੂਆ ਵੇਖੀਂ ਸਾਰੇ ਫਿਰ ਕੇ
ਲੋਕੀਂ ਜਾਗੇ ਭਾਵੇਂ ਚਿਰਕੇ
ਐਪਰ ਜਾਗੇ ਵਾਂਗ ਤੂਫ਼ਾਨਾਂ
ਸਾਰੇ ਗੁੱਟ ਸਿਆਸੀ ਫਿਰਕੇ
ਜਾਬਰ ਦਾ ਬੱਘਰੂ ਬੋਲ ਗਿਆ
ਤੇ ਖੁਲ੍ਹ ਕੁਫ਼ਰ ਦਾ ਪੋਲ ਗਿਆ

ਜਿੰਦੂਆ ਵੇਖੀਂ ਚਰਾ ਬਲੋਚੀ
ਫੱਟੀ ਜਾਣ ਚਿਆ ਦੀ ਪੋਚੀ
ਬੱਚਾ ਬੱਚਾ ਪਾਕਿਸਤਾਨੀ
ਜਾਂਦਾ ਏ ਜਮਹੂਰ ਨੂੰ ਲੋਚੀ
ਮਜ਼ਬੂਤ ਇਰਾਦੇ ਧਾਰ ਲਏ
ਮਜ਼ਬੂਰਾਂ ਚੁੱਕ ਹਥਿਆਰ ਲਏ

ਜਿੰਦੂਆ ਮਾਰ ਪੰਜਾਬੇ ਫੇਰਾ
ਜਿੱਥੇ ਧੱਕੜਸ਼ਾਹ ਦਾ ਡੇਰਾ
ਲੋਕੀਂ ਨਿਕਲੇ ਵਿਚ ਬਜ਼ਾਰਾਂ
ਚੁੱਕਣ ਕਦਮੋਂ ਕਦਮ ਤਖੇਰਾ
ਇਉਂ ਜਾਪ ਰਿਹੇ ਦਫ਼ਨਾਈ ਦੀ
ਜਿਉਂ ਲਾਸ਼ ਹੈ ਤਾਨਾਸ਼ਾਹੀ ਦੀ

ਜਿੰਦੂਆ ਜਾਕੇ ਫੈਸਲਾਬਾਦੇ
ਵੇਖੀਂ ਰੀਕਣ ਬੁਰੇ ਇਰਾਦੇ
ਦੇ ਸਿਖਲਾਈ ਵਾੜੀ ਜਾਂਦੇ
ਭਾਰਤ ਅੰਦਰ ਸੂਰ ਕਮਾਦੇ
ਲੈ ਆਈ ਜੋ ਸਿਖਲਾਈ ਏ
ਸੂਰਾਂ ਦੀ ਨਸਲ 'ਚਿਆਈ' ਏ

ਜਿੰਦੂਆ ਵੇਖ ਨਚਰ ਜੋ ਔਂਦਾ
ਗੋਲੀ ਸਿੱਕਾ ਕੌਣ ਘਲੌਂਦਾ
ਦੁਨੀਆ ਭਰ ਦੇ ਤਾਨਾਸ਼ਾਹਾਂ
ਤਾਈਂ, ਉਂਗਲ ਕਿਹੜਾ ਲੌਂਦਾ
ਗੋਲਾ ਬਾਰੂਦ ਵਲੈਤੀ ਦੇ
ਵੰਡੀਦਾ ਪਿਆ ਖ਼ਰੈਤੀ ਦੇ

ਜਿੰਦੂਆ ਮੁੜ ਆ ਅੰਬਰ ਸਰ ਨੂੰ
ਬਾਬੇ ਰਾਮਦਾਸ ਦੇ ਘਰ ਨੂੰ
ਜਿੱਥੇ ਭਾਕੇ ਪੈਂਦੇ ਚਰ ਨੂੰ
ਧੁੜਖੂ ਲੱਗਾ ਰਹਿੰਦਾ ਨਰ ਨੂੰ
ਨਾ ਹੁੰਦਾ ਅਸਰ ਦਲੀਲਾਂ ਦਾ
ਨਾ ਹੁੰਦਾ ਅਸਰ ਅਪੀਲਾਂ ਦਾ

ਜਿੰਦੂਆ ਅਸਰ ਅਕਲੀ ਦਲ ਦਾ
ਜਾਂਦਾ ਨਾਲ ਖਾਕ ਦੇ ਰਲਦਾ
ਗੜਬੜ ਚੋਥ ਪਤਾ ਨਾ ਚਲਦਾ
ਕਿਹੜਾ ਕਿਹੜਾ ਕੀਹਦੇ ਵੱਲ ਦਾ
ਕੁਰਸੀ ਦਾ ਅਸਲੀ ਝੇੜਾ ਏ
ਬਾਕੀ ਦਾ ਨਿਰਾ ਬਖੇੜਾ ਏ

ਜਿੰਦੂਆ ਮਸਲਾ ਚੰਡੀਗੜ੍ਹ ਦਾ
ਅੜਦਾ ਅੜਦਾ ਜਾਂਦਾ ਅੜਦਾ
ਕੇਂਦਰ ਕੂੜ ਬਹਾਨੇ ਘੜਦਾ
ਪਿੱਪਲ ਲਹਿੰਦਾ ਕਿੱਕਰ ਚੜ੍ਹਦਾ
ਪਗੀ ਅਦਲਾ ਬਦਲੀ ਮਿਤਾਂ ਦੀ
ਹੈ ਲੁੱਕਣ ਮੀਟੀ ਹਿੱਤਾਂ ਦੀ

ਜਿੰਦੂਆ ਪੌਣ ਖਰੂਦੀ ਵੱਗੇ
ਘਿਰਨਾ-ਵੈਰ-ਬਰੂਦੀ ਲੱਗੇ
ਸੜਦਾ ਪਿਆ ਸੁਨਹਿਰੀ ਵਿਰਸਾ
ਮਾਰਨ ਪਏ ਹੱਤਿਆਰੇ ਮੱਘੇ
ਜੋ ਅੱਗ ਬਚਾਵਣ ਬਹੁੜੇ ਨੇ
ਕਲਮਾਂ ਤੇ ਦਾਤੀ ਥੋੜ੍ਹੇ ਨੇ

ਜਿੰਦੂਆ ਖੁਲ੍ਹਾ ਵੇਖ ਝਰੋਖਾ
ਦੇਂਦੇ ਸੂਝ ਵਾਨ ਪਏ ਹੋਕਾ
ਚੜ੍ਹ ਨਾ ਸਾਮਰਾਜ ਦੇ ਟੇਟੇ
ਬਚ ਜਾ, ਬਚ ਜਾ, ਬਚ ਜਾ ਲੋਕਾ !
ਰਿਸ਼ਤਾਂ ਏ ਭਾਈ ਭਾਈ ਦਾ
ਪਾ ਦੇਵੇ ਰੋਗ ਲੜਾਈ ਦਾ

## 5. ਗ਼ਜ਼ਲਾਂ

0

### ਹਰਭਜਨ ਸਿੰਘ ਹੁੰਦਲ

ਲਹੂ-ਭਿੱਜੀ ਪੌਣ ਅੰਦਰ, ਗੀਤ ਰੋਇਆ, ਸਿਸਕਿਆ ।
ਬੀਜਿਆ ਬਾਰੂਦ ਹੱਥੀਂ, ਫੁੱਲ ਕਿੱਥੋਂ ਉਗਿਆ ।

ਮੰਨਿਆਂ ਤੂੰ ਨਿਕਲਿਆਂ ਏਂ, ਤਲੀ ਤੇ ਖੰਜਰ ਟਿਕਾ,
ਖੰਜਰਾਂ ਨੇ ਕਦ ਭਲਾ ਹੈ, ਨਕਸ਼ ਕੋਈ ਸਿਰਜਿਆ ।

ਚਾਰ ਪੈੜਾਂ ਨਾਲ ਤੇਰੇ ਜੋ ਕੋਈ ਹੈ ਚੱਲਿਆ,
ਵੇਖਿਆ ਜਾਂ ਕੋਲ ਹੋ ਕੇ, ਤਾਂ ਛਲੇਡਾ ਨਿਕਲਿਆ ।

ਸੂਰਮਾ ਮਿਰਚਾ ਬੜਾ ਸੀ, ਮਾਣ ਤੀਰਾਂ ਤੇ ਬੜਾ,
ਬਿਨਾਂ ਵੀਰਾਂ, ਮਿੱਤਰਾਂ ਦੇ, ਜੰਡ ਹੇਠਾਂ ਟੁੱਕਿਆ ।

ਤੇਰਿਆਂ ਬੋਲਾਂ 'ਚੋਂ ਲੱਭਾਂ, ਅਰਥ ਵਰਗੀ ਰੌਸ਼ਨੀ,
ਵਧ ਰਿਹਾ ਦੋਹਾਂ ਵਿਚਾਲੇ, ਹਰ ਘੜੀ ਕਿਉਂ ਫ਼ਾਸਲਾ ।

ਨਕਸ਼ ਤੇਰੇ, ਸੁਧਨਿਆਂ ਦੇ ਰੰਗ ਨਾਲੋਂ ਵੱਖਰੇ,
ਜਿਵੇਂ ਸ਼ੀਸ਼ਾ ਫ਼ਰਸ਼ ਉਤੇ, ਡਿੱਗ ਹੋਵੇ ਤਿੜਕਿਆ ।

ਰੌਸ਼ਨੀ ਨੂੰ ਕਤਲ ਕਰਨੇ ਦਾ ਭੁਲੇਖਾ ਖ਼ੂਬ ਹੈ,
ਰੌਸ਼ਨੀ ਜੋ ਕਤਲ ਕਰਦਾ, ਰਾਹ ਵਿਚਾਲੇ ਟੁੱਟਿਆ ।

ਲੋਕ ਕਰਦੇ ਨੇ ਤੇਰੇ ਕਿਰਦਾਰ ਦੀਆਂ ਗੱਲਾਂ ।
ਤੇਰੀ ਜਿੱਤ ਦੇ ਜਲਾਲ, ਤੇਰੀ ਹਾਰ ਦੀਆਂ ਗੱਲਾਂ ।

ਕਿਹਨੂੰ ਮਾਰਦੀ ਨਿਰਦੋਸ਼ਾ, ਕਿਹਦੀ ਕਰੇ ਰੱਖਿਆ,
ਹੋਣ ਘਰ ਘਰ ਤੇਰੀ ਤਲਵਾਰ ਦੀਆਂ ਗੱਲਾਂ ।

ਜਦੋਂ ਡੁੱਲ੍ਹਦਾ ਹੈ ਖ਼ੂਨ ਤਾਂ ਬਰੀਕ ਹੱਸਦੀ,
ਤੁਸੀਂ ਪੁੱਛਦੇ ਹੋ ਕਿਹੜੀ ਸਰਕਾਰ ਦੀਆਂ ਗੱਲਾਂ ।

ਕਦੇ ਗੀਤ, ਕਦੇ ਰੰਗ, ਕਦੇ ਮੂਕ-ਵੇਦਨਾ,
ਕਹਿ ਫੇਰ ਵੀ ਨਾ ਹੁੰਦੀਆਂ ਪਿਆਰ ਦੀਆਂ ਗੱਲਾਂ ।

ਜਿਹੜੇ ਕੰਢਿਆਂ ਤੇ ਬੈਠ ਬੈਠ ਜੂਨ ਭੋਗਦੇ,
ਸਾਨੂੰ ਆਏ ਸਮਝਾਉਣ ਮੰਝਧਾਰ ਦੀਆਂ ਗੱਲਾਂ ।

### ਹਰਭਜਨ ਸਿੰਘ ਮਾਂਗਟ

ਹੌਸਲਾ ਨਾ ਜੋ ਕਦੇ ਹਾਰਦਾ,
ਮੌਤ ਨੂੰ ਵੀ ਆਦਮੀ ਉਹ ਮਾਰਦਾ !

ਚੰਨ ਸੂਰਜ ਕਰਨ ਉਸਦੀ ਚਾਕਰੀ,
ਜੋ 'ਮਸੀਹਾ' ਤਪਦਿਆਂ ਨੂੰ ਠਾਰਦਾ !

ਪਾਪ ਕਰਦਾ ਬੇਹਿਸਾਬਾ ਆਦਮੀ,
ਦਿਲ ਜਦੋਂ ਤੋੜੇ ਉਹ ਆਪਣੇ ਯਾਰ ਦਾ !

ਹੁਸਨ ਕਲੀਆਂ ਦਾ ਵੀ ਅੱਗ ਵਿਚ ਝੁਲਸਦਾ,
ਸ਼ਬਨਮੀ ਕਤਰਾ ਜੇ ਆ ਨਾ ਠਾਰਦਾ !

ਹੱਠ ਡੋਬੇ ਪੂਰ ਨੂੰ ਹੀ 'ਮਾਂਗਟਾ'
ਰਾਜ ਦਾ ਜਾਂ ਬਾਲ ਦਾ ਜਾਂ ਨਾਰ ਦਾ !!!

★


# ਈਸਟ ਇੰਡੀਅਨ ਵਰਕਰਜ਼ ਐਸੋਸੀਏਸ਼ਨ ਆਫ ਕੈਨੇਡਾ, ਵੈਨਕੂਵਰ ਵਲੋਂ

- ਜਲ੍ਹਿਆਂਵਾਲਾ ਬਾਗ ਦਿਵਸ ਅਤੇ ਵੈਨਕੂਵਰ ਦੇ ਬੇਸਮਿੰਟਾਂ ਦੇ ਸਵਾਲ ਉਪਰ ਪਬਲਿਕ ਮੀਟਿੰਗ ।
- ਥਾਂ ਅਤੇ ਸਮਾਂ: ਜੌਹਨ ਔਲੀਵਰ ਹਾਈ ਸਕੂਲ ਵੈਨਕੂਵਰ ਫਰੇਜ਼ਰ ਅਤੇ 41 ਐਵਨਿਊ ਸ਼ਾਮ 4.30, ਐਤਵਾਰ ।
- ਵੱਖੋ ਵੱਖ ਕਮਿਊਨਿਟੀਆਂ ਅਤੇ ਈਸਟ ਇੰਡੀਅਨ ਵਰਕਰਜ਼ ਐਸੋਸੀਏਸ਼ਨ ਦੇ ਬੁਲਾਰੇ ।
- ਭੰਗੜਾ, ਗਿੱਧਾ ਗੀਤ-ਸੰਗੀਤ ਅਤੇ ਹੋਰ ਸਭਿਆਚਾਰਕ ਪਰੋਗਰਾਮ ਹੋਵੇਗਾ ।

ਹੋਰ ਜਾਣਕਾਰੀ ਲਈ ਫੋਨ: 588-5217, 327-6461, 325-1662, 325-8006


### ਦਰਸ਼ਨ ਗਿੱਲ

ਚਿਹਰਿਆਂ ਦਾ ਜਲਵਾ, ਜਲੌ ਕਿਧਰ ਗਿਆ ?
ਸਤਰੰਗੀਆਂ 'ਚ ਖੇਡਦਾ, ਚਮਨ ਉਜੜ ਗਿਆ !

ਇਹ ਕੇਹੀ ਧੁੱਪ ਹੈ ਜੋ ਰੰਗਾਂ ਨੂੰ ਝੁਲਸਦੀ
ਸੂਰਜ ਵੀ ਤਾਰ ਤਾਰ, ਹੋ ਕੇ ਬਿਖਰ ਗਿਆ ।

ਚੜ੍ਹਦੀਆਂ ਸੀ ਮਹਿਫਲਾਂ, ਪੂਰੇ ਸ਼ਬਾਬ ਨਾਲ
ਲੱਭਦੇ ਹਾਂ ਓਸ ਨੂੰ, ਉਹ ਕਿੱਥੇ ਨਗਰ ਗਿਆ ?

ਢਲ ਗਈ ਹੈ ਮੋਮ ਵਾਂਗ, ਹੱਥਾਂ 'ਚ ਆਉਂਦਿਆਂ,
ਜ਼ਿੰਦਗੀ ਦਾ ਮਸੀਹਾ ਕਿੰਨਾ ਨਿਘਰ ਗਿਆ ।

ਪੂਜਦੇ ਸੀ ਲੋਕ ਜਿਸਨੂੰ ਜਨੂੰਨ ਵਾਂਗ,
ਬੜਾ ਬੇਆਬਰੂ ਹੋ ਕੇ ਉਹ ਮਰ ਗਿਆ ।

ਹਿਸਦੇ ਚਿਹਰਿਆਂ ਦੀ ਦਾਸਤਾਂ ਕਹੀਏ ਕਿਵੇਂ
ਇਜ਼ਰਾਈਲ ਜਾਪਦਾ ਘਰ 'ਚ ਫਿਰ ਗਿਆ ।

ਮਜ਼੍ਹਬ ਦਾ ਜਨੂੰ ਲੈ ਡੁਬਿਆ ਹੈ ਧਰਤ ਨੂੰ
ਕੀ ਅਰਬ ? ਕੀ ਏਸ਼ੀਆ ? ਬਣ ਹੈ ਖੰਡਰ ਗਿਆ ।

### ਗੁਰਤੇਜ ਕੋਹਾਰਵਾਲਾ

ਖ਼ੂਨ ਵਿਚ ਭਿੱਜੀ ਹਵਾ ਵਗਦੀ ਰਹੀ ਹੈ ਬੇਹਿਸਾਬ ।
ਔਤਕੀਂ ਕੇਹੋ ਜਿਹੇ ਫੁੱਲ ਦੇਣਗੇ ਚਿੱਟੇ ਗੁਲਾਬ ?

ਮੈਂ ਇਨ੍ਹਾਂ ਦੋਹਾਂ ਵਿਚਾਲੇ ਕੰਧ ਬਣਕੇ ਹਾਂ ਖੜ੍ਹਾ,
ਮੇਰੇ ਬਾਹਰ ਨ੍ਹੇਰ ਹੈ ਅੰਦਰ ਮਿਰੇ ਚਾਨਣ ਦੇ ਖ਼ਾਬ ।

ਜ਼ਰਬਾਂ ਤਕਸੀਮਾਂ 'ਚ ਜਿਹੜੇ ਹਰਫ਼ ਕੁਤਰਾ ਹੋ ਗਏ,
ਕੌਣ ਜੋੜੇਗਾ, ਉਨ੍ਹਾਂ ਦਾ ਕੌਣ ਲਾਏਗਾ ਹਿਸਾਬ ?

ਜਿਸਦੀ ਤੇਹ ਦੀ ਹੱਦ ਹੈ ਅਖ਼ਬਾਰ ਦਾ ਤੀਜਾ ਸਫ਼ਾ,
ਉਸ ਲਈ ਬੇਅਰਥ ਪਾਣੀ ਹਨ ਕਿਤਾਬਾਂ ਦੇ ਤਲਾਬ ।

ਓਥੇ ਪੱਥਰ ਵੱਜਣੇ ਹਨ, ਜਖ਼ਮ ਲੱਗਣਗੇ ਬੜੇ,
ਫਿਰ ਵੀ ਜਾਣਾ ਹੈ ਮੈਂ ਭਾਵੇਂ ਬਹੁਤ ਹੋਵਾਂਗਾ ਖ਼ਰਾਬ ।

ਵਕਤ ਪਾਕੇ ਜਾਏਗੀ ਅੰਗਾਂ 'ਚ ਲਹਿ ਆਈ ਥਕਾਣ,
ਹੌਲੀ ਹੌਲੀ ਸੰਭਲਾਂਗੇ ਦੇਰ ਤੱਕ ਆਵਾਂਗੇ ਤਾਬ ।

★

ਕਿ ਇਸ ਨੀਤੀ ਨਾਲ ਨਸਲਵਾਦ ਵਧੇਗਾ। ਸੋ ਵਿਰੁੱਧ ਸਾਂਝੀ ਲੜਾਈ ਤੇ ਸਾਂਝੀ ਮੁਹਿੰਮ ਦੀ ਲੋੜ ਹੈ ਕਿਉਂਕਿ ਇਹ ਇਨ੍ਹਾਂ ਧਨੀ ਪੱਖੀ ਨੀਤੀਆਂ ਵਿਰੁੱਧ, ਬੇਸਮਿੰਟਾਂ ਵਿਚੋਂ ਕੱਢਣ ਵਿਰੁੱਧ, ਚੰਗੀ ਰਿਹਾਇਸ਼ ਲਈ, ਜ਼ੋਨਿੰਗ ਸੋਧਣ ਅਤੇ ਐਥਨਿਕ ਘੱਟ ਗਿਣਤੀ ਦੀਆਂ ਲੋੜਾਂ ਤੇ ਘੱਟ ਆਮਦਨ ਵਾਲਿਆਂ ਲਈ ਸਾਂਝੇ ਤੌਰ ਤੇ ਲੜਿਆ ਜਾਵੇ।

ਸਾਥੀ ਅਮਰਜੀਤ ਸੂਫੀ ਜੋ ਲੋਕਤਾ ਐਡੀਟੋਰੀਅਲ ਬੋਰਡ ਦੇ ਮੈਂਬਰ ਤੇ ਜਥੇਬੰਦੀ ਦੇ ਨੁਮਾਇੰਦੇ ਹਨ ਨੇ ਥੋੜ੍ਹੇ ਸਮੇਂ ਵਿਚ ਸਾਦੇ ਢੰਗ ਨਾਲ ਤੇ ਬਹੁਤ ਕੁਝ ਪ੍ਰਭਾਵਸ਼ਾਲੀ ਢੰਗ ਨਾਲ ਸਟੇਜ ਤੋਂ ਆਖਿਆ। ਉਨ੍ਹਾਂ ਨੇ ਆਖਿਆ ਕਿ ਫੈਡਰਲ ਤੌਰ ਤੇ ਸਰਕਾਰ ਬੇ-ਰੁਜ਼ਗਾਰੀ ਵਧਾ ਰਹੀ ਹੈ। ਸੂਬਾਈ ਸਰਕਾਰ ਬੇ-ਰੁਜ਼ਗਾਰੀ ਤੇ ਬੀ.ਸੀ. ਨੂੰ ਵੇਚਣ ਦੇ ਨਾਲ ਨਾਲ ਯੂਨੀਅਨ ਨੂੰ ਤੋੜ ਰਹੀ ਹੈ ਅਤੇ ਵੈਨਕੂਵਰ ਸ਼ਹਿਰ ਦੀ ਕੌਂਸਲ ਪਰਿਵਾਰਾਂ ਨੂੰ ਤੋੜਨ ਤੇ ਘਰਾਂ ਵਿਚੋਂ ਕੱਢਣ ਤੇ ਤੁਲੀ ਹੋਈ ਹੈ। ਇਨ੍ਹਾਂ ਤਿੰਨਾਂ ਪੱਧਰਾਂ ਦਾ ਇਕੋ ਹੀ ਖਾਸਾ ਹੈ। ਮਜ਼ਦੂਰ ਵਿਰੋਧੀ। ਅਸੀਂ ਆਪਣੇ ਮਾਪਿਆਂ ਤੇ ਬੱਚਿਆਂ ਨੂੰ ਕਿਉਂ ਘਰਾਂ ਵਿਚੋਂ ਕੱਢੀਏ ? ਅਸੀਂ ਚੰਗੀਆਂ ਰਵਾਇਤਾਂ ਨਹੀਂ ਟੁੱਟਣ ਦਿਆਂਗੇ। ਉਨ੍ਹਾਂ ਭੀ ਇਮੀਗਰੇਸ਼ਨ ਦੇ ਅਨੁਸਾਰ ਦਸ ਸਾਲ ਲਈ ਜ਼ਿੰਮੇਵਾਰ ਹਾਂ। ਪਰ ਅਸੀਂ ਤਾਂ ਉਵੇਂ ਹੀ ਸਾਰੀ ਉਮਰ ਲਈ ਉਨ੍ਹਾਂ ਦੀ ਸੇਵਾ ਕਰਨੀ ਹੈ। ਉਨ੍ਹਾਂ ਹੋਰ ਦਸਿਆ ਕਿ ਸਿਟੀ ਕੌਂਸਲ ਲਫਾਫੇਬਾਜ਼ ਹੈ ਤੇ ਆਖਦੀ ਹੈ ਕੁਝ ਨਹੀਂ ਕਰਨਾ ਪਰ ਦੂਜੇ ਪਾਸੇ ਇਸ ਨੇ ਬੇਸਮਿੰਟਾਂ ਤੇ ਛਾਪੇ ਮਾਰਨ ਲਈ ਛੇਬੰਦੇ ਲਏ ਹਨ। ਇਸਤੋਂ ਪਿਛੋਂ ਬੀ.ਸੀ.ਤੇ ਖਾਸ ਕਰ ਲੋਅਰ ਮੇਨਲੈਂਡ ਦੀਆਂ ਕੌਂਸਲਾਂ ਭੀ ਵੈਨਕੂਵਰ ਦੀ ਨਕਲ ਕਰਨਗੀਆਂ। ਉਨ੍ਹਾਂ ਆਖਿਆ ਕਿ ਏਕਤਾ ਨਾਲ ਉਠੋ ਅਤੇ ਫੈਸਲਾ ਕਰੋ ਕਿ ਉਨੀ ਦੇਰ ਅਸੀਂ ਚੁੱਪ ਕਰਕੇ ਨਹੀਂ ਬੈਠਾਂਗੇ ਜਿੰਨੀ ਦੇਰ ਲਿਖਤੀ ਤੌਰ ਤੇ ਸਿਟੀ ਕੌਂਸਲ ਤੋਂ ਇਹ ਮਾਰੂ ਕਾਨੂੰਨ ਵਾਪਸ ਨਹੀਂ ਕਰਾਉਂਦੇ। ਸਾਰੇ ਲੋਕਾਂ ਨੇ ਇਸ ਨੂੰ ਸਰਬ ਸੰਮਤੀ ਨਾਲ ਹੱਥ ਖੜੇ ਕਰਕੇ ਪਾਸ ਕੀਤਾ।

ਸਾਥੀ ਜੀਤ ਸਿੰਘ ਅਣਖੀ ਨੇ ਬੜੀ ਭਾਵੁਕ ਤੇ ਪ੍ਰਭਾਵਸ਼ਾਲੀ ਭਾਸ਼ਨ ਕੀਤਾ ਜਿਸਤੇ ਸਰੋਤਿਆਂ ਨੇ ਖੂਬ ਤਾੜੀਆਂ ਮਾਰੀਆਂ। ਉਨ੍ਹਾਂ ਆਖਿਆ ਕਿ ਹਰ ਬੰਦਾ ਘਰ ਲੈਣਾ ਚਾਹੁੰਦਾ ਹੈ ਅਤੇ ਪ੍ਰਾਈਵੇਟ ਆਲ੍ਹਣਾ। ਘੱਟ ਤਨਖਾਹ ਵਾਲੇ ਤੇ ਬੇ-ਰੁਜ਼ਗਾਰ ਆਦਿ ਮਹਿੰਗੇ ਅਪਾਰਟਮੈਂਟ ਅਫੋਰਡ ਨਹੀਂ ਕਰਦੇ। ਘਰਾਂ ਵਾਲਾ ਭੀ ਇਕੱਲਾ ਮੁਸ਼ਕਲ ਨਾਲ ਘਰ ਦੀ ਕਿਸ਼ਤ ਦੇ ਸਕਦਾ ਹੈ। ਸੋ ਇਹ ਅਵਸਥਾ ਦੋਹਾਂ ਦੇ ਲਾਭ ਵਿਚ ਹੈ। ਨਾਲ ਹੀ ਜਦੋਂ ਮਾਂ ਬਾਪ ਜਾਂ ਬਾਬਾ ਦਾਦੀ ਆਪਣੇ ਬੱਚਿਆਂ ਤੇ ਪੋਤੇ ਪੋਤੀਆਂ ਨੂੰ ਗਲ ਨਾਲ ਲਾਉਂਦੇ ਹਨ ਤਾਂ ਥਕੇਵਾਂ ਲਹਿ ਜਾਂਦਾ ਹੈ। ਸੋ ਇਸ ਕੌਂਸਲ ਦੀ ਨੀਤੀ ਸਾਨੂੰ ਇਸ ਪਿਆਰ ਤੇ ਸਾਂਝੇ ਪਰਿਵਾਰ ਤੋਂ ਸੱਖਣਾ ਕਰਨਾ ਚਾਹੁੰਦੀ ਹੈ। ਉਨ੍ਹਾਂ ਆਖਿਆ ਕਿ ਜਿਹੜੇ ਭਾਰਤੀ ਪਿਛੋਂ ਖਿਚੂਆਂ ਤੇ ਅੱਤਵਾਦੀ ਵੱਖਵਾਦੀਆਂ ਨੇ ਇਸ ਕੌਂਸਲ ਨੂੰ ਵੋਟਾਂ ਪਾਈਆਂ ਸਨ, ਉਹ ਹੁਣ ਭਲੀ ਭਾਂਤ ਵੇਖ ਸਕਦੇ ਹਨ ਕਿ ਉਨ੍ਹਾਂ ਦੀਆਂ ਨੀਤੀਆਂ ਕਿਵੇਂ ਆਮ ਲੋਕਾਂ ਦੇ ਵਿਰੁੱਧ ਜਾਂਦੀਆਂ ਹਨ। ਉਨ੍ਹਾਂ ਕਿਹਾ ਕਿ ਜਿਨ੍ਹਾਂ ਨੂੰ ਅਸੀਂ ਚਾਹੁੰਦੇ ਹਾਂ(ਕਿਉਂਕਿ ਉਹ ਲੋਕ ਹਿਤੂ ਹਨ)ਉਹ ਅੱਜ ਭੀ ਆਪਣੇ ਨਾਲ ਖੜੇ ਹਨ।

ਫਿਰ ਸਾਥੀ ਗੁਰਨਾਮ ਸਿੰਘ ਸੰਘੇੜਾ ਨੇ ਪੰਜਾਬੀ ਅਤੇ ਅੰਗਰੇਜ਼ੀ ਵਿਚ ਸਪੀਚ ਕੀਤੀ ਤੇ ਦਸਿਆ ਕਿ ਕੌਂਸਲ ਦੀਆਂ ਨੀਤੀਆਂ ਜ਼ਾਹਰ ਕਰਦੀਆਂ ਹਨ ਕਿ ਉਹ ਇਕੱਠੇ ਪਰਿਵਾਰ ਦੀਆਂ ਰਵਾਇਤਾਂ ਤੇ ਏਕਤਾ, ਆਮ ਕਿਰਾਏਦਾਰਾਂ ਤੇ ਘੱਟ ਆਮਦਨ ਵਾਲਿਆਂ ਵਿਰੁੱਧ ਹੈ ਕਿਉਂਕਿ ਇਸ ਦੀਆਂ ਨਵੇਂ ਘਰਾਂ ਦੀਆਂ ਬੇਸਮਿੰਟਾਂ ਅਤੇ ਦੂਜੀ ਕਿਚਨ ਉਪਰ ਪਾਬੰਦੀ ਅਤੇ ਸ਼ਿਕਾਇਤ ਹੋਣ ਤੇ ਬਣੀਆਂ ਬੇਸਮਿੰਟਾਂ ਉਪਰ ਛਾਪੇ ਮਾਰੇ ਜਾਣਗੇ ਤੇ ਬੰਦ ਕਰਾਈਆਂ ਜਾਣਗੀਆਂ ਅਤੇ ਰਹਿੰਦੇ ਕਿਰਾਏਦਾਰ ਰਿਸ਼ਤੇਦਾਰ ਤੂ ਪਰਿਵਾਰ ਦੇ ਵਿਆਹੇ ਵਰੇ ਜਾਂ ਜੁਦੇ ਹਿੱਸੇ ਵਿਚ ਰਹਿੰਦੇ


WESTMINSTER GM

12th. STREET AT QUEENS AVE., NEW WESTMINSTER, B.C.

BUS. 521-7731 Pager 687-1985 #5531



ਗੁਰਜੀਤ ਬਾਵਾ ਢੀਂਡਸਾ
1983 ਤੇ 1985 ਦੇ ਗਰੈਂਡ ਸੇਲਜ਼ ਮਾਸਟਰ



SPECIAL SALE

1985 Cutlas Supreme
Stock No. - 6-6201A
Loaded Air-condition
ਸੇਲ $ 10,500.00

1986 Celebrity
Stock No. -6902A 4 Door
ਸੇਲ $10,694.00 (Pre-owned)

1986 Calais
4 Door
Stock NO. - 6919A
ਸੇਲ $10,995.00 (Pre-owned)

WESTMINSTER GM ਵਾਲਿਆਂ ਦੇ ਨਵੇਂ ਸ਼ੋਅਰੂਮ ਵਿਚ 1987 ਦੇ ਮਾਡਲ ਹੁਣ ਪਹੁੰਚ ਗਏ ਹਨ ਤੇ 1986 ਦੇ ਮਾਡਲਾਂ ਤੇ ਸੇਲ ਅਜੇ ਵੀ ਚੱਲ ਰਹੀ ਹੈ। ਨਵੇਂ ਸ਼ੋਅਰੂਮ ਵਿਚ ਆਓ ਤੇ ਸੇਲ ਦਾ ਫਾਇਦਾ ਉਠਾਓ!

ਆਪ ਨਵੀਂ ਜਾਂ ਪੁਰਾਣੀ ਕਾਰ ਵੇਚਣੀ ਜਾਂ ਖ੍ਰੀਦਣੀ ਚਾਹੁੰਦੇ ਹੋ ਤਾਂ ...ਆ ਡੀਲ ਲਈ ਪ੍ਰੋਫੈਸ਼ਨਲ ਸੇਲਜ਼ਮੈਨ

ਗੁਰਜੀਤ ਬਾਵਾ ਢੀਂਡਸਾ

ਨੂੰ ਜ਼ਰੂਰ ਮਿਲੋ ਜਾਂ ਫੋਨ ਕਰੋ। ਉਹ ਤੁਹਾਨੂੰ ਵਧੀਆ ਕਾਰ ਵਾਜਬ ਕੀਮਤ ਤੇ ਦਿਵਾਉਣ ਦਾ ਵਾਅਦਾ ਕਰਦੇ ਹਨ।
- ਥੋੜ੍ਹੀ ਜਿਹੀ ਡਾਊਨ ਪੇਮੈਂਟ ਦੇ ਕੇ ਆਸਾਨ ਕਿਸ਼ਤਾਂ ਤੇ ਕਾਰ ਦਿਵਾ ਸਕਦੇ ਹਨ।

ਮਾਂ ਬਾਪ ਕੱਢੇ ਜਾਣਗੇ । ਐਨ.ਪੀ.ਏ. ਦੇ ਕੌਂਸਲਰ ਪੋਚਾ ਪਾਚੀ ਕਰਦੇ ਅਤੇ ਲੋਕ ਰੋਹ ਤੋਂ ਡਰਦੇ ਧੁੰਦਲੀ ਗੱਲ ਕਰਦੇ ਹਨ। ਪਰਦਾ ਪੋਸ਼ੀ ਕਰਦੇ ਹਨ ਅਤੇ ਆਪਾ ਵਿਰੋਧੀ ਹੁੰਦੀ ਹੈ। ਉਨ੍ਹਾਂ ਦਾ ਵਿਚਾਰ ਹੈ ਕਿ ਜੇ ਦੋ ਮੂੰਹੀਂ ਗੱਲ ਕੀਤੀ ਜਾਏ ਤਾਂ ਕਈ ਪਲੇਚੇ ਵਿਚ ਆਕੇ ਚੁੱਪ ਕਰ ਜਾਣਗੇ।

ਗੁਮਰਾਹ ਹੋਏ ਲੋਕ ਸਿੱਧੇ ਰਾਹ ਤੇ ਆਉਣ ਤਾਂ ਕਿ ਇਸ ਕੌਂਸਲ ਦੀ ਮਾਰੂ ਨੀਤੀ ਨੂੰ ਭਾਂਜ ਦੇਈਏ। ਉਹ ਆਖਰ ਵਿਚ ਆਖਿਆ ਕਿ ਕਿਉਂਕਿ ਇਹ ਵੈਨਕੂਵਰ ਦਾ ਸਾਂਝਾ ਮਸਲਾ ਹੈ ਪਰ ਕੌਂਸਲ ਦੀ ਬਹੁ-ਗਿਣਤੀ ਟਾਲ-ਮਟੋਲ ਕਰਦੀ,ਪੋਚੇ ਪਾਉਂਦੀ ਹੈ ਸੋ ਇਸ ਮਾਰੂ ਨੀਤੀ ਵਿਰੁਧ ਉਨੀ ਦੇਰ ਘੋਲ ਚਾਲੂ ਰਹੇਗਾ ਜਿੰਨੀ ਦੇਰ ਇਹ ਕੌਂਸਲ ਲਿਖ ਕੇ ਪਾਸ ਨਹੀਂ ਕਰਦੀ । ਕਿ ਬੇਸਮਿੰਟ ਸੁਈਟਾਂ ਜਾਇਜ਼ ਤੇ ਕਾਨੂੰਨੀ ਹਨ । ਉਨ੍ਹਾਂ ਨਾਲ ਆਖਿਆ ਕਿ ਅਸੀਂ ਪਲੈਨਿੰਗ ਦੇ ਵਿਰੁੱਧ ਨਹੀਂ ਅਤੇ ਚਾਹੁੰਦੇ ਹਾਂ ਕਿ ਬੇਸਮਿੰਟਾਂ ਰਹਿਣ ਯੋਗ ਹੋਣ ਅਤੇ ਹਰ ਖਤਰੇ ਤੋਂ ਰਹਿਤ ਹੋਣ ਤਾਂ ਉਨ੍ਹਾਂ ਨੂੰ ਪਾਸ ਕਰਕੇ ਲਿਖਤੀ ਤੌਰ ਤੇ ਲੀਗਲ ਬਣਾਇਆ ਜਾਵੇ ।

ਆਖਰ ਵਿਚ ਈਸਟ ਇੰਡੀਅਨ ਵਰਕਰਜ਼ ਐਸੋਸੀਏਸ਼ਨ ਆਫ਼ ਕੈਨੇਡਾ ਦੇ ਪ੍ਰਧਾਨ ਸਾਥੀ ਸੁਰਿੰਦਰ ਸਿੰਘ ਸੰਘਾ ਨੇ ਆਖਿਆ ਕਿ ਹੁਣ ਮਸਲਾ ਸਪਸ਼ਟ ਹੈ ਅਤੇ ਤੁਹਾਨੂੰ ਕਿਸੇ ਗੁੰਝਲ ਤੇ ਸ਼ੱਕ ਦੀ ਗੁੰਜਾਇਸ਼ ਨਹੀਂ ਚਾਹੀਦੀ । ਕੌਂਸਲ ਅਤੇ ਉਸਦੇ ਏਜੰਟ ਸੱਜ ਪਿਛਾਖੜੀ ਮੈਂਬਰਾਂ ਦੀਆਂ ਮੋਮੋ ਠੱਗਣੀਆਂ ਵਿਚ ਨਾ ਆਉਣਾ । ਇਹ ਮਸਲਾ ਐਵੇਂ ਖਤਮ ਨਹੀਂ ਹੋਣਾ। ਜੇ ਇਸ ਮਾਰੂ ਕਦਮ ਵਿਰੁੱਧ ਲੜਾਈ ਦੇਕੇ ਲਿਖਤੀ ਤੌਰ ਤੇ ਵਾਪਸ ਨਾ ਕਰਾਇਆ ਅਤੇ ਬੇਸਮਿੰਟਾਂ ਨੂੰ ਲਿਖਤੀ ਤੌਰ ਤੇ ਲੀਗਲ ਨਾ ਕਰਾਇਆ ਤਾਂ ਇਸਦਾ ਅੱਗੇ ਨੂੰ ਹੋਰ ਲੋਕ ਵਿਰੋਧੀ ਕਦਮ ਚੁਕਣ ਦਾ ਹੌਸਲਾ ਵਧੇਗਾ। ਹੁਣ ਤੋਂ ਹੀ ਏਕਤਾ ਨਾਲ ਡਟੋ। ਜਿੱਤ ਸਾਡੀ ਹੋਵੇਗੀ। ਉਨ੍ਹਾਂ ਨੇ ਸਾਂਝੇ ਤੌਰ ਤੇ ਇਕ ਮੁੱਠਤਾ ਨਾਲ ਮੁਹਿੰਮ ਚਾਲੂ ਰੱਖਣ ਲਈ ਆਖਿਆ ।ਉਨ੍ਹਾਂ ਦਸਿਆ ਕਿ ਅਸੀਂ ਹੋਰ ਜਥੇਬੰਦੀਆਂ ਤੇ ਗਰੁੱਪਾਂ ਨਾਲ ਭੀ ਤਾਲ ਮੇਲ ਕਰਕੇ,ਇਸ ਮੁਹਿੰਮ ਦਾ ਘੇਰਾ ਵੱਡਾ ਕਰਾਂਗਾ। ਉਨ੍ਹਾਂ ਨੇ ਆਖਰ ਵਿਚ ਆਏ ਲੋਕਾਂ ਦਾ ਧੰਨਵਾਦ ਕੀਤਾ ਤੇ ਅਪੀਲ ਕੀਤੀ ਕਿ 12 ਅਪਰੈਲ 1987 ਨੂੰ ਜੌਨ ਔਲੀਵਰ ਸਕੂਲ ਵਿਚ ਸ਼ਾਮ ਦੇ ਸਾਢੇ ਚਾਰ ਵਜੇ ਇਸ ਵਿਸ਼ੇ ਤੇ ਅਤੇ ਵਿਸਾਖੀ ਤੇ ਨਾਲ ਹੀ ਭੰਗੜਾ ਗਿੱਧਾ ਤੇ ਗੀਤਾਂ ਨਾਲ ਭਰਪੂਰ ਬੇਸਮਿੰਟਾਂ ਸੰਬੰਧੀ ਮੀਟਿੰਗ ਵਿਚ ਹੁੰਮ ਹੁੰਮਾ ਕੇ ਪੁੱਜੋ । ●

ਸਫ਼ਾ 14 ਦੀ ਬਾਕੀ

● ਧਰਮ ਅਤੇ ਰਾਜਨੀਤੀ ਨੂੰ ਵੱਖੋ ਵੱਖ ਰੱਖਿਆ ਜਾਵੇ । ਕਿਸੇ ਧਾਰਮਿਕ ਸਥਾਨ ਨੂੰ ਰਾਜਸੀ ਮੰਤਵਾਂ ਲਈ ਅਤੇ ਦੇਸ਼ ਵਿਰੋਧੀ ਸਰਗਰਮੀਆਂ ਦਾ ਅੱਡਾ ਨਾ ਬਣਨ ਦਿਤਾ ਜਾਵੇ ।

● ਜਲ੍ਹਿਆਂਵਾਲੇ ਬਾਗ ਦੇ ਸ਼ਹੀਦਾਂ ਦੀ ਭਾਵਨਾ ਨੂੰ ਘਰ ਘਰ ਪਹੁੰਚਾਇਆ ਜਾਵੇ ।

● ਕਿਸਾਨਾਂ,ਮਜ਼ਦੂਰਾਂ,ਮੁਲਾਜ਼ਮਾਂ,ਵਿਦਿਆਰਥੀਆਂ,ਨੌਜਵਾਨਾਂ,ਇਸਤਰੀਆਂ ਆਦਿ ਦੀਆਂ ਜਥੇਬੰਦੀਆਂ ਮਜ਼ਬੂਤੀ ਨਾਲ ਉਸਾਰੀਆਂ ਜਾਣ ।

ਏਹੋ ਜਲ੍ਹਿਆਂਵਾਲੇ ਬਾਗ ਦੇ ਸ਼ਹੀਦਾਂ ਦਾ ਸੰਦੇਸ਼ ਹੈ,ਜਿਸਨੂੰ ਅਸੀਂ ਬਦੇਸ਼ਾਂ ਵਿਚ ਰਹਿੰਦੇ ਭਾਰਤੀ ਵੀ ਬਦੇਸ਼ਾਂ ਵਿਚ ਦੇ ਵੱਖਵਾਦੀ ਗਰੋਹਾਂ ਦੀਆਂ ਦੇਸ਼ ਧਰੋਈ .ਧਰੋਹੀ ਦੀਆਂ ਕਾਰਵਾਈਆਂ ਨੂੰ ਲੋਕਾਂ ਵਿਚ ਨੰਗਾ ਕਰ ਸਕਦੇ ਹਾਂ । ■



A nuclear weapon-free world


# VICKY CONSTRUCTION CO.

- Vinyl Siding
- Soffits and all Finishing Jobs
- Free Estimate

**Ph. (604) 581-6506** (after 8 p.m.)



**PAUL'S**
PLUMBING, ELECTRICAL & HEATING SUPPLY





Plumbing & Bathroom Fixtures & Supplies Hot Water Tanks

Hot Water Heating & Supplies And Instalations

4774 MAIN ST. AT 32ND Vancouver
PH. 872-3118, 872-7227
OPEN SUNDAYS



# Star Drywall Construction Co. Ltd.

- Complete Drywall Service
- Guaranteed Work
- Free Estimates

**Sahib or Nake**
**Ph. (604) 589-4830**

P.O.BOX 639
SURREY, B.C. V3T 5L9

# ਫੌਜਵਾਦ ਦਾ ਵਿਕਾਸ

ਪੱਛਮੀ ਦੇਸਾਂ ਵਿਚ, ਸਭ ਤੋਂ ਵਧ ਕੇ ਅਮਰੀਕਾ ਵਿਚ ਬੀਤੇ ਦਹਾਕਿਆਂ ਵਿਚ ਫੌਜੀ ਸਨਅਤੀ ਸਿਲਸਿਲੇ ਹੋਂਦ ਵਿਚ ਆਏ ਹਨ। ਉਹਨਾਂ ਦੇਸਾਂ ਦੀ ਰਾਜਨੀਤੀ ਅਤੇ ਆਰਥਕਤਾ ਵਿਚ ਉਹਨਾਂ ਦੀ ਸਰਗਰਮੀ ਅਤੇ ਭੂਮਿਕਾ ਵਧ ਗਈ ਹੈ। ਇਹ ਫੌਜਵਾਦ ਦੇ ਵਿਕਾਸ ਵਿਚ ਇਕ ਨਵਾਂ ਵਰਤਾਰਾ ਹੈ। ਇਹ "ਸਥਿਰ" ਲੱਛਣ ਵਾਲਾ ਹੈ ਅਤੇ ਦੂਜੀ ਸੰਸਾਰ ਜੰਗ ਤੋਂ ਮਗਰੋਂ ਸੰਸਾਰ-ਪਿੜ ਵਿਚ ਤਾਕਤਾਂ ਦੀ ਕਤਾਰਬੰਦੀ ਵਿਚ ਵੱਡੀਆਂ ਤਬਦੀਲੀਆਂ ਦੇ ਪਿਛੋਕੜ ਸਾਹਮਣੇ ਪਸਾਰਵਾਦੀ ਤੇ ਉਲਟ-ਇਨਕਲਾਬੀ ਲੱਛਣਾਂ ਨਾਲ ਅਤਿਅੰਤ ਸੰਘਣੀ ਤਰਾਂ ਜੁੜਿਆ ਹੋਇਆ ਹੈ।

ਅਧਿਅਨ ਦਰਸਾਉਂਦੇ ਹਨ ਕਿ ਦੂਜੀ ਸੰਸਾਰ ਜੰਗ ਤੋਂ ਮਗਰੋਂ ਪੂੰਜੀਵਾਦੀ ਸਮਾਜ ਦਾ ਫੌਜੀਕਰਨ ਛਾਲਾਂ ਮਾਰਕੇ ਅੱਗੇ ਵਧਿਆ ਹੈ। ਇਸ ਸਮੇਂ ਦੇ ਹਰੇਕ ਦਹਾਕੇ ਵਿਚ, ਉਦਾਹਰਣ ਵਜੋਂ, ਅਮਰੀਕੀ ਹਥਿਆਰਬੰਦ ਫੌਜਾਂ ਦੀ ਗਿਣਤੀ 1930ਵਿਆਂ ਦੇ ਟਾਕਰੇ ਉਤੇ ਦਸ ਗੁਣਾਂ ਸੀ। ਦੇਸ ਵਿਚ ਹਥਿਆਰ ਤਿਆਰ ਕਰਨ ਦੇ ਕੰਮ ਵਿਚ ਲੱਗੇ ਹੋਏ ਲੋਕਾਂ ਦੀ ਗਿਣਤੀ 1940 ਵਿਚਲੀ 314000 ਤੋਂ ਵਧ ਕੇ 1985 ਵਿਚ 3275000 ਹੋ ਗਈ। ਪੱਛਮੀ ਰਾਜਾਂ ਦਾ ਇਕ ਵਿਸ਼ੇਸ਼ ਲੱਛਣ ਸਥਾਈ ਆਧਾਰ ਉਤੇ ਫੌਜਵਾਦੀ ਅਮਲਾਂ ਦਾ ਵਿਕਾਸ ਹੈ, ਲੱਖਾਂ ਦੀ ਗਿਣਤੀ ਵਿਚ ਫੌਜਾਂ ਰੱਖਣਾ ਹੈ ਅਤੇ ਅਮਨ ਦੇ ਸਮੇਂ ਵਿਚ ਵੀ ਹਥਿਆਰਾਂ ਦੀਆਂ ਵੱਡੇ ਪੈਮਾਨੇ ਦੀਆਂ ਸਨਅਤਾਂ ਚਲਾਉਣਾ ਹੈ। ਨਿਊਕਲਿਆਈ-ਮਿਜ਼ਾਈਲੀ ਹਥਿਆਰਾਂ ਅਤੇ ਵਿਆਪਕ ਤਬਾਹੀ ਦੇ ਹੋਰ ਹਥਿਆਰਾਂ ਦੇ ਵਿਕਾਸ ਲਈ ਅਤੇ ਉਹਨਾਂ ਵਿਚ ਵਾਧੇ ਲਈ ਵਿਗਿਆਨਕ ਅਤੇ ਤਕਨਾਲੋਜੀਕਲ ਤਰੱਕੀ ਦੀਆਂ ਸੱਜਰੀਆਂ ਪਰਾਪਤੀਆਂ ਦੀ ਵਰਤੋਂ ਨੇ ਬੇਮਿਸਾਲ ਆਕਾਰ ਪਰਾਪਤ ਕਰ ਲਿਆ ਹੈ। ਅਮਰੀਕਾ ਅਤੇ ਹੋਰ ਵਿਕਸਿਤ ਪੂੰਜੀਵਾਦੀ ਦੇਸਾਂ ਨਾਲ ਸਬੰਧਿਤ ਫੌਜੀ ਸਨਅਤੀ ਕਾਰਪੋਰੇਸ਼ਨਾਂ ਹਲਕੇ ਹਥਿਆਰਾਂ ਦੀ ਦੌੜ ਨਾਲ ਆਪਣੀਆਂ ਜੇਬਾਂ ਭਰ ਰਹੀਆਂ ਹਨ। ਹਥਿਆਰਾਂ ਦੀ ਇਸ ਦੌੜ ਵਿਚ ਪੂੰਜੀਵਾਦੀ ਅਤੇ ਵਿਕਾਸਸ਼ੀਲ ਦੇਸ ਵਧੇਰੇ ਹੀ ਵਧੇਰੇ ਉਲਝ ਰਹੇ ਹਨ। ਇਸ ਦੇ ਉਲਟ ਸੋਵੀਅਤ ਯੂਨੀਅਨ ਅਤੇ ਹੋਰ ਸਮਾਜਵਾਦੀ ਦੇਸਾਂ ਵਿਚ ਅਜਿਹੇ ਕੋਈ ਹਲਕੇ ਨਹੀਂ ਹਨ।

ਇਸ ਸਬੰਧ 'ਚ ਕੀਤੇ ਗਏ ਅਧਿਅਨ ਅਜਿਹੇ ਅਨੇਕ ਤੱਥ ਅਤੇ ਅੰਕੜੇ ਪੇਸ਼ ਕਰਦੇ ਹਨ ਜੋ ਦਰਸਾਉਂਦੇ ਹਨ ਕਿ ਅਖੌਤੀ ਸਟਰੈਟੇਜਿਕ ਰਖਿਅਕ ਪਹਿਲਕਦਮੀ ਦੀ ਚਾਲਕ ਸ਼ਕਤੀ ਵਜੋਂ ਅਮਰੀਕੀ ਫੌਜੀ ਸਨਅਤੀ ਸਿਲਸਿਲੇ ਦੀ ਭੂਮਿਕਾ ਕਿੰਨੀ ਚੰਦਰੀ ਹੈ। ਅਮਰੀਕਾ ਦੇ ਪਰਧਾਨ ਰੀਗਨ ਨੇ ਸਟਰੈਟੇਜਿਕ ਰਖਿਅਕ ਪਹਿਲਕਦਮੀ ਦਾ ਐਲਾਨ 1983 ਵਿਚ ਕੀਤਾ ਸੀ। ਉਸ ਪਿਛੋਂ ਰਾਜਨੀਤਕ ਐਕਸ਼ਨ ਕਮੇਟੀਆਂ ਨੇ ਅਮਰੀਕੀ ਪਾਰਲੀਮੈਂਟ ਦੇ ਮੈਂਬਰਾਂ ਦੇ ਪੱਖ ਵਿਚ ਚੋਣ ਫੰਡ ਲਈ ਕੋਈ ਸੱਠ ਲੱਖ ਦਿਤੇ ਹਨ। ਇਹ ਕਮੇਟੀਆਂ ਹਥਿਆਰ ਤਿਆਰ ਕਰਨ ਵਾਲੀਆਂ ਵੱਡੀਆਂ ਵੱਡੀਆਂ ਕਾਰਪੋਰੇਸ਼ਨਾਂ ਦੇ ਹਿਤਾਂ ਦੀ ਪ੍ਰਤੀਨਿਧਤਾ ਕਰਦੀਆਂ ਹਨ, ਜੋ "ਤਾਰਾ ਜੰਗਾਂ" ਦੇ ਪਰੋਗਰਾਮ ਅਧੀਨ ਠੇਕੇ ਮੰਗ ਰਹੀਆਂ ਹਨ।

1983 ਤੋਂ ਮਗਰੋਂ ਤਾਰਾ ਜੰਗਾਂ ਦੇ ਸਬੰਧ ਵਿਚ ਦਿਤੇ ਗਏ ਆਰਡਰਾਂ ਵਿਚੋਂ 77 ਫੀਸਦੀ ਤੋਂ ਵਧ ਆਰਡਰ ਉਹਨਾਂ ਅਦਾਰਿਆਂ ਨੂੰ ਗਏ ਹਨ ਜੋ ਅਜਿਹੇ ਇਲਾਕਿਆਂ ਵਿਚ ਸਥਿਤ ਹਨ ਜਿਹਨਾਂ ਦੇ ਪ੍ਰਤੀਨਿਧ ਅਜਿਹੇ ਆਰਡਰਾਂ ਦੀ ਵੰਡ ਕਰਨ ਵਾਲੇ ਕਿਸੇ ਨਾ ਕਿਸੇ ਵਿਭਾਗ ਵਿਚ ਬੈਠੇ ਹੋਏ ਹਨ।

ਇਸ ਸਮੇਂ 240 ਤੋਂ ਵਧ ਅਮਰੀਕੀ ਕੰਪਨੀਆਂ ਅਤੇ 1000 ਤੋਂ ਵਧ ਉਪ ਕੰਪਨੀਆਂ ਤਾਰਾ ਜੰਗਾਂ ਨਾਲ ਸਬੰਧਿਤ ਆਰਡਰਾਂ ਦੀ ਪੂਰਤੀ ਕਰਨ ਵਿਚ ਲਗੀਆਂ ਹੋਈਆਂ ਹਨ। ਕੁਲ ਮਿਲਾਕੇ ਪੁਲਾੜੀ ਹਥਿਆਰਾਂ ਦੇ ਵਿਕਾਸ ਉਤੇ ਖਰਚ ਦਸ ਖਰਬ ਡਾਲਰ ਤੋਂ ਵਧ ਹੋ ਜਾਣਾ ਹੈ।

ਅਮਰੀਕੀ ਫੌਜੀ ਸਨਅਤੀ ਸਿਲਸਿਲੇ ਦੇ ਅਤੇ ਹੋਰ ਪੱਛਮੀ ਦੇਸਾਂ ਵਿਚਲੇ ਅਜਿਹੇ ਹੀ ਸਿਲਸਿਲਿਆਂ ਦੇ ਮੰਤਵਾਂ, ਹਿੱਤਾਂ ਅਤੇ ਮਸ਼ੀਨਰੀ ਦਾ ਵਿਸ਼ਲੇਸ਼ਣ ਕਰਨ ਵਾਲੇ ਅਧਿਅਨਾਂ ਤੋਂ ਪਤਾ ਲਗਦਾ ਹੈ ਕਿ ਤਾਕਤ ਦੀਆਂ ਪੁਜ਼ੀਸ਼ਨਾਂ ਤੋਂ ਅਮਲ ਕਰਨ ਦੀ ਸਾਮਰਾਜਵਾਦ ਦੀ ਹਮਲਾਵਰ ਫੌਜੀ ਨੀਤੀ ਹਥਿਆਰਾਂ ਦੀ ਦੌੜ ਨੂੰ ਪੱਕਾ ਕਰਦੀ ਹੈ। ਇਹ ਉਹਦੀ ਮੰਗ ਵੀ ਅਤੇ ਇਹਦੇ ਨਾਲ ਹੀ ਉਹਨੂੰ ਅਮਲ ਵਿਚ ਲਿਆਉਣ ਦਾ ਸਾਧਨ ਵੀ ਹੈ। ਸਾਮਰਾਜਵਾਦ ਦੀ ਤਾਕਤ ਦੀ ਨੀਤੀ ਕੌਮਾਂਤਰੀ ਸਲਾਮਤੀ ਦੀ ਭਰੋਸੇਯੋਗ ਪਰਣਾਲੀ ਦੀ ਉਸਾਰੀ ਦੇ ਰਾਹ ਵਿਚ ਮੁੱਖ ਰੁਕਾਵਟ ਹੈ।

ਅਮਰੀਕਾ ਨਿਊਕਲਿਆਈ ਹਥਿਆਰਾਂ ਦੇ ਤਜਰਬੇ ਛੱਡਣ ਤੋਂ ਇਨਕਾਰੀ ਹੈ। ਉਹ ਅਜਿਹੇ ਤਜਰਬਿਆਂ ਉਤੇ ਸੋਵੀਅਤ ਯੂਨੀਅਨ ਵਲੋਂ ਲਾਈ ਗਈ ਇਕ-ਪਾਸੜ ਪਾਬੰਦੀ ਵਿਚ ਸ਼ਾਮਲ ਹੋਣ ਲਈ ਤਿਆਰ ਨਹੀਂ। ਉਹ ਬਾਲਿਸਟਿਕ ਮਿਜ਼ਾਈਲ-ਤੋੜ ਪਰਣਾਲੀਆਂ ਦੀ ਹੱਦਬੰਦੀ ਬਾਰੇ ਸੰਧੀ ਨੂੰ ਕਮਜ਼ੋਰ ਕਰਨ ਦਾ ਚਾਹਵਾਨ ਹੈ।

ਇਸੇ ਕਰਕੇ ਹੀ ਅਮਰੀਕਾ ਨੇ ਨਿਊਕਲਿਆਈ ਅਤੇ ਪੁਲਾੜੀ ਹਥਿਆਰਾਂ ਬਾਰੇ ਜੇਨੇਵਾ ਗੱਲਬਾਤਾਂ ਵਿਖੇ ਰੋਕਪਾਊ ਨੀਤੀ ਅਪਣਾਈ ਹੋਈ ਹੈ। ( [illegible] )


ਸਭ ਭਾਰਤੀਆਂ ਨੂੰ

ਵਿਸਾਖੀ ਮੁਬਾਰਕ



**POPULAR**
FURNITURE MFG. LTD.

K. LIDAR . Phone 596-1216

7935 - 128th Street
Surrey, B.C.

# ਅੰਮ੍ਰਿਤਸਰ ਦੀਆਂ ਯਾਦਾਂ

ਰ. ਲ. ਅਹੂਜਾ

ਮੈਂ ਅੰਮ੍ਰਿਤਸਰ ਸਾਢੇ ਦਸ ਸਾਲ (1946-56) ਤੱਕ ਰਿਹਾ। ਜੇ ਅੰਬਾਲੇ ਵਾਲੇ ਪ੍ਰੋਫੈਸਰ ਸੋਹਨ ਲਾਲ ਟਰੇਨਿੰਗ ਕਾਲਜ ਲਾਹੌਰ ਤੋਂ ਰੀਟਾਇਰ ਹੋ ਕੇ ਆਪਣਾ ਕਾਲਜ ਚਲਾਣ ਲਈ ਮੈਨੂੰ ਮਜਬੂਰ ਨਾ ਕਰਦੇ ਤਾਂ ਮੈਂ ਸ਼ਾਇਦ ਪੁਤਲੀ ਘਰ ਵਿਚ ਰਿਹਾ ਹੁੰਦਾ। ਉਸ ਦਾ ਦਬਾ ਤਾਂ ਹੋਇਆ ਕਿਉਂ ਜੋ ਕਾਲਜ ਦੋ ਸਾਲਾਂ ਵਿਚ ਤਿੰਨ ਪ੍ਰਿੰਸੀਪਲ ਬਦਲ ਚੁਕਾ ਸੀ। ਅਸਥਿਰਤਾ ਦੇ ਕਾਰਨ ਯੂਨੀਵਰਸਿਟੀ ਨੇ ਕਾਲਜ ਨੂੰ ਚਿਤਾਵਨੀ ਦਿਤੀ ਹੋਈ ਸੀ ਕਿ ਜਾਂ ਕਾਲਜ ਬੰਦ ਕਰੋ ਜਾਂ ਪੱਕਾ ਪ੍ਰਿੰਸੀਪਲ ਲਗਾਉ । ਇਸ ਗੱਲ ਦਾ ਪਤਾ ਮੈਨੂੰ ਪਿਛੋਂ ਲੱਗਾ। ਪਰ ਗਿਆ ਤਾਂ ਸਾਂ ਲਾਲਚ ਦਾ ਮਾਰਿਆ। ਉਨ੍ਹਾਂ ਨੇ ਮੈਨੂੰ ਅੱਠ ਸਾਲਾਂ ਲਈ ਲਗਾ ਲਿਆ ਜਦਕਿ ਇਥੋਂ ਤਿੰਨ ਸਾਲਾਂ ਬਾਅਦ 55 ਕੁ ਸਾਲਾਂ ਦੇ ਹੋ ਜਾਣਾ ਸੀ ਤੇ 1959 ਵਿਚ ਮੁਕਤ ਹੋ ਜਾਣਾ ਸੀ।

ਅੰਮ੍ਰਿਤਸਰ ਦੀ ਨਗਰੀ ਗੁਰੂ ਅਮਰ ਦਾਸ ਦੀ ਨਗਰੀ ਕਹੀ ਜਾਂਦੀ ਹੈ। ਇਸ ਉਤੇ ਸੂਫੀ ਮੀਆਂ ਮੀਰ ਦੀ 'ਨਦਰੇ ਕਰਮ' ਹੈ ਅਤੇ ਗੁਰੂ ਸਾਹਿਬਾਂ ਦੀ ਬਖਸ਼ਿਸ਼ ਹੈ। ਪਰ ਗੁਰੂ ਤੇਗ ਬਹਾਦਰ ਦੇ ਅੱਗੇ ਦਰਵਾਜ਼ਾ ਬੰਦ ਕਰ ਦਿਤਾ ਗਿਆ ਸੀ। ਉਨ੍ਹਾਂ ਨੂੰ ਦਰਸ਼ਨ ਕਰਨ ਨਹੀਂ ਦਿਤੇ ਗਏ ਸਨ। ਦਸਮ ਗੁਰੂ ਸਾਹਿਬ ਨੇ ਇਸ ਵੱਲ ਮੂੰਹ ਵੀ ਨਾ ਕੀਤਾ। ਆਪਣਾ ਵੱਖਰਾ ਆਨੰਦਪੁਰ ਵਸਾ ਲਿਆ। ਜਿਥੇ ਇਹ ਬਰਕਤਾਂ ਵਾਲੇ ਗੁਰੂ ਦੀ ਨਗਰੀ ਹੈ, ਉਥੇ ਇਤਿਹਾਸਕ ਨਿਰਾਸ਼ਾ ਦੀ ਯਾਦ ਵੀ ਇਸ ਵਿਚ ਵੱਸਦੀ ਹੈ। ਪਰ ਉਦੋਂ ਇਹ ਗੱਲ ਚੇਤੇ ਨਹੀਂ ਸੀ ਆਈ । ਕਾਲਜ ਦੇ ਕੈਂਪਸ ਵਿਚ ਸੱਤ ਨੰਬਰ ਦੀ ਕੋਠੀ ਨੂੰ ਘਰ ਬਣਾ ਲਿਆ ਸੀ, ਜਿਸ ਵਿਚ ਪਹਿਲਾਂ ਸਰਦਾਰ ਇੰਦਰ ਸਿੰਘ ਵਾਈਸ ਪ੍ਰਿੰਸੀਪਲ ਅਤੇ ਫਿਰ ਪ੍ਰੋਫੈਸਰ ਤੇਜਾ ਸਿੰਘ ਰਹਿ ਚੁਕੇ ਸਨ। ਮੇਰੇ ਗਵਾਂਢੀ ਪ੍ਰੋਫੈਸਰ ਹਰਨਾਮ ਸਿੰਘ, ਵਰਿਆਮ ਸਿੰਘ, ਕਰਮ ਸਿੰਘ, ਅਮਰੀਕ ਸਿੰਘ ਐਥਲੈਟਿਕਸ ਦੇ ਮੁਖੀਆ ਸਨ ਅਤੇ ਹੋਰ ਕਾਮਰੇਡ ਵੀ ਸਨ ਜੋ ਬਹੁਤ ਨਾਮਵਰ ਹੋਏ ਅਤੇ ਨਾਮਣਾ ਖੱਟਿਆ। ਕਾਲਜ ਵਿਚ ਦੋ ਸਟੂਡੈਂਟਸ ਸਭਾਵਾਂ ਸਨ। ਸਿੱਖ ਸਟੂਡੈਂਟਸ ਦੀ ਅਗਵਾਈ ਪ੍ਰੋਫੈਸਰ ਹਰਨਾਮ ਸਿੰਘ ਕਰਦਾ ਸੀ ਅਤੇ ਕਾਮਰੇਡਾਂ ਦੀ ਅਗਵਾਈ ਵਰਿਆਮ ਸਿੰਘ ਕਰਦਾ ਸੀ। ਉਹ ਦਿਨ ਗਏ। ਕਾਮਰੇਡ ਵੀ ਗਏ ਅਤੇ ਧਾਰਮਿਕ ਵਿਦਿਆਰਥੀ ਵੀ ਗਏ। ਇਸ ਤੀਹ ਸਾਲਾਂ ਦੇ ਅਰਸੇ ਵਿਚ ਉਹ ਵਾਯੂਮੰਡਲ ਨਾ ਰਿਹਾ; ਉਹ ਵਿਦਿਆਰਥੀ ਨਾ ਰਹੇ; ਨਾ ਉਨ੍ਹਾਂ ਦਿਨਾਂ ਵਾਲੇ ਅਧਿਆਪਕਾਂ ਦੀ ਮਿਸਾਲ ਦਾ ਨਿਸ਼ਾਨ; ਨਾ ਭਾਈਚਾਰਾ; ਨਾ ਮਿਲਵਰਤਣ ਦੇਖਣ ਜਾਂ ਸੁਣਨ ਵਿਚ ਆਇਆ ਹੈ। ਪ੍ਰਿੰਸੀਪਲ ਸ਼ੇਰਗਿਲ ਤਦ ਵਿਦਿਆਰਥੀ ਸੀ ਤੇ ਪ੍ਰਿੰਸੀਪਲ ਸਤਵੀਰ ਸਿੰਘ ਮੇਰੇ ਟਿਊਟੋਰੀਅਲ ਗਰੁਪ ਦਾ ਸਕੱਤਰ ਸੀ। ਇਨ੍ਹਾਂ ਦੀ ਚੇਲਾ ਸੰਤਾਨ ਕਿਸ ਤਰ੍ਹਾਂ ਦੀ ਹੈ, ਉਹ ਹੀ ਦੱਸ ਸਕਦੇ ਹਨ।

ਪ੍ਰੋਫੈਸਰ ਤੇਜਾ ਸਿੰਘ ਦੀਆਂ ਯਾਦਾਂ ਮੈਂ ਦਸ ਚੁਕਾ ਹਾਂ। ਹੁਣ ਮੈਂ ਧਨੀ ਰਾਮ ਚਾਤ੍ਰਿਕ ਦੀਆਂ ਗੱਲਾਂ ਸੁਣਾਉਣ ਲੱਗਾ ਹਾਂ। ਪ੍ਰੋਫੈਸਰ ਦੀਵਾਨ ਸਿੰਘ ਤੇ ਮੈਂ ਉਸ ਨੂੰ ਮਿਲਣ ਲਈ ਜਾਂਦੇ ਸਾਂ ਪਰ ਮਹੀਨੇ ਵਿਚ ਇਕ ਅੱਧ ਵੇਰੀ। ਉਨ੍ਹਾਂ ਦਿਨਾਂ ਵਿਚ ਉਸ ਦਾ 'ਸੂਫੀ ਖ਼ਾਨਾ' ਨਵਾਂ ਨਵਾਂ ਛਪਿਆ ਸੀ ਜਿਸ ਦੀ ਚਰਚਾ ਹੋ ਰਹੀ ਸੀ। ਦੀਵਾਨ ਸਿੰਘ ਚਾਤ੍ਰਿਕ ਤੋਂ ਉਸ ਬਾਰੇ ਗੱਲ ਪੁਛਦਾ ਸੀ। ਨਾ ਪੜ੍ਹੀ ਸੀ ਨਾ ਉਤਸੁਕ ਸੀ, ਮੈਂ। ਨਾ ਮੈਂ ਸੂਫੀਆਂ ਨੂੰ ਵਧੇਰੇ ਜਾਣਨਾ ਚਾਹੁੰਦਾ ਸੀ ਨਾ ਉਨ੍ਹਾਂ ਦੇ 'ਖ਼ਾਨੇ' ਨੂੰ ਦੇਖਿਆ ਸੀ। ਉਹ ਭੰਗ ਦੇ ਨਸ਼ੇ ਵਿਚ ਨੱਚਦੇ, ਟੱਪਦੇ ਅਤੇ ਕਵਾਲੀਆਂ ਗਾਉਂਦੇ ਸਨ। ਮੈਂ ਉਨ੍ਹਾਂ ਨੂੰ ਦੇਖ ਦੇਖ ਕੇ ਰੱਜ ਗਿਆ ਸਾਂ।

ਚਾਤ੍ਰਿਕ ਜੀ ਰਾਧਾ ਕ੍ਰਿਸ਼ਨ ਦੇ ਪਿਆਰ ਅਤੇ ਕ੍ਰਿਸ਼ਨ ਦੇ ਗੋਪੀਆਂ ਦੇ ਪਿਆਰ ਤੇ ਵਿਛੋੜੇ ਦੀਆਂ ਕਵਿਤਾਵਾਂ ਪੜ੍ਹ ਕੇ ਸੁਣਾਂਦੇ ਸਨ। ਪਰ ਮੈਨੂੰ ਸਵਾਦ ਨਹੀਂ ਆਉਂਦਾ

Autoplan
AUTHORIZED AGENT
For Quick, Efficient & Friendly Service
on Any Type of Insurance,
Contact your Friendly Agent
ਹਰ ਪ੍ਰਕਾਰ ਦੀ ਇਨਸ਼ੋਰੈਂਸ ਲਈ ਤੁਰੰਤ,
ਭਰੋਸੇਯੋਗ ਅਤੇ ਦੋਸਤਾਨਾ ਸਰਵਿਸ ਲਈ ਸਾਨੂੰ
NARWAL INSURANCE AGENCY
6415 Main Street, Vancouver, B.C. V5W 2V5
Bus. 324-4944 Res. 291-7689
AUTOPLAN HOMEOWNERS, CONDOMINIUM, TENANTS INSURANCE, COMMERCIAL, BOAT, TRAVEL AND SICKNESS



ZARINA KANANI
ਜ਼ਰੀਨਾ ਕਨਾਨੀ

Autoplan Reminder
The signature of the registered owner of the vehicle is required on all Autoplan transactions. This includes insurance renewals, changes, cancellations and transfers, as well as new registrations. The signature of any person other than the registered owner will be accepted only if accompanied by a 'Power of Attorney' granted by the owner.

ਸੀ। ਪਰ ਮੈਂ ਗਿਆਨੀ ਲਈ ਉਸ ਨੂੰ ਪੜ੍ਹਿਆ ਸੀ ਅਤੇ ਉਸ ਦੀਆਂ ਕਵਿਤਾਵਾਂ ਰੋਚਿਕ ਲੱਗੀਆਂ ਸਨ। ਉਸ ਦੀਆਂ ਕਵਿਤਾਵਾਂ ਦਾ ਨਵਾਂ ਸੰਗ੍ਰਹਿ ਅਸੀਂ ਚੁਣ ਕੇ ਬਣਾਇਆ ਜੋ ਉਸ ਦੇ ਛਾਪੇਖ਼ਾਨੇ ਨੇ ਛਾਪ ਦਿਤਾ ਕਿਉਂ ਜੁ ਉਸ ਨੂੰ ਆਪ ਪਸੰਦ ਆਇਆ ਸੀ। ਚਾਤ੍ਰਿਕ ਦਾ ਆਪਣਾ ਛਾਪਾਖ਼ਾਨਾ ਸੀ ਜੋ ਉਸ ਨੇ ਆਪ ਬੰਬਈ ਤੋਂ ਸਿੱਖ ਕੇ ਲਾਇਆ ਸੀ। ਉਹ ਅੱਖਰ ਬਣਾਉਣਾ ਜਾਣਦਾ ਸੀ। ਇਸ ਕਾਰਨ ਉਸਨੇ ਅੱਖਰਾਂ ਨੂੰ ਢਾਲ ਕੇ ਪੰਜਾਬੀ ਦੀ ਛਪਾਈ ਵਿਚ ਬਹੁਤ ਮਦਦ ਕੀਤੀ ਅਤੇ ਵਪਾਰ ਤੋਂ ਖੱਟਿਆ ਵੀ ਬਹੁਤ ਕੁਝ। ਉਸ ਦੇ ਪੁੱਤਰਾਂ ਨੇ ਅਮੀਰੀ ਵਿਰਾਸਤ ਵਿਚ ਪ੍ਰਾਪਤ ਕੀਤੀ ਜਦ ਕਿ ਉਸ ਨੇ ਮਜ਼ਦੂਰ ਬਣ ਕੇ ਕਸਬ ਜਾਂ ਹੁਨਰ ਸਿੱਖਿਆ। ਚਾਤ੍ਰਿਕ ਬਾਰੇ ਇਹ ਵੱਡੀ ਗੱਲ ਹੈ ਕਿ ਦੁਕਾਨ-ਦਾਰ ਦਾ ਨੌਕਰ ਬਣ ਕੇ ਉਸ ਨੇ ਹੁਨਰ ਸਿੱਖਿਆ, ਕੰਪਾਜ਼ੀਟਰ ਬਣਿਆ, ਕਵਿਤਾਵਾਂ ਲਿਖੀਆਂ ਤੇ ਛਾਪੀਆਂ, ਪੰਜਾਬ ਪਿਆਰ ਦੇ ਹਲੂਣੇ ਲਏ ਅਤੇ ਪਾਠਕਾਂ ਨੂੰ ਦਿਤੇ ਅਤੇ ਉੱਜੜੇ ਸ਼ਰਨਾਰਥੀਆਂ ਦੇ ਮਨਾਂ ਵਿਚ ਸ੍ਵੈ-ਵਿਸ਼ਵਾਸ ਤੇ ਦਲੇਰੀ ਭਰ ਦਿਤੀ। ਚਾਤ੍ਰਿਕ ਨੂੰ ਜੇ ਕਾਮਾ ਕਵੀ ਕਹੀਏ ਤਾਂ ਬੇਅਦਬੀ ਨਹੀਂ।

ਇਕ ਦਿਨ ਸ਼ਾਮ ਵੇਲੇ ਅਸੀਂ ਦੋਵੇਂ ਚਾਤ੍ਰਿਕ ਨੂੰ ਮਿਲ ਕੇ ਆਏ ਜਿਵੇਂ ਕਿਸੇ ਕਿਸੇ ਦਿਨ ਮਿਲਦੇ ਰਹਿੰਦੇ ਸਾਂ। ਦੂਜੀ ਸਵੇਰ ਨੂੰ ਉਸ ਦੇ ਨੌਕਰ ਦੀਵਾਨ ਸਿੰਘ ਦੇ ਘਰ ਆ ਬੂਹਾ ਖੜਖੜਾਇਆ ਤੇ ਦੱਸਿਆ ਕਿ ਚਾਤ੍ਰਿਕ ਜੀ ਚਲਾਣਾ ਕਰ ਗਏ ਹਨ। ਪੁਛਣ ਤੇ ਉਸ ਨੇ ਮੇਰੇ ਪਹੁੰਚ ਜਾਣ ਤੇ ਕਿਹਾ ਕਿ ਠੰਡ ਹੋਣ ਤੇ ਉਨ੍ਹਾਂ ਨੂੰ ਬਹੁਤ ਸਰਦੀ ਲੱਗੀ ਸੀ। ਚਾਤ੍ਰਿਕ ਨੇ ਕਿਹਾ ਕਿ "ਕਬੂਤਰ ਦਾ ਮਾਸ ਮੈਨੂੰ ਰੋਟੀ ਨਾਲ ਖੁਆਓ।" ਇਸ ਕਾਰਨ ਕਬੂਤਰ ਦਾ ਮਾਸ ਖਾ ਕੇ ਉਹ ਸੌਂ ਗਏ। ਰਾਤ ਨੂੰ ਗਰਮੀ ਗਰਮੀ ਕਹਿੰਦੇ ਹੋਏ ਅਭੜਵਾਹੇ ਉਠੇ, ਪਰ ਡਾਕਟਰ ਕੋਈ ਨਹੀਂ ਬੁਲਾਇਆ। ਪਤਾ ਨਹੀਂ ਕਿ ਸਿਵਾਏ ਉਸ ਦੀ ਵਹੁਟੀ ਦੇ ਕੋਈ ਪੁੱਤਰ, ਅਸਲੀ ਜਾਂ ਮਤਰੇਆ ਹੈ, ਸੀ ਕਿ ਨਹੀਂ। ਪਾਣੀ ਬਹੁਤਾ ਪੀਤਾ। ਪਰ ਤੜਪ ਤੜਪ ਕੇ ਉਹ ਚੋਲਾ ਛੱਡ ਗਿਆ। ਗਵਾਂਢੀਆਂ ਨੂੰ ਅਸੀਂ ਇਕੱਠਾ ਕੀਤਾ।

(ਜਿਵੇਂ ਕਿ ਜੇਠੂ ਸਿੰਘ ਜੋ ਇਕ ਮਸਕੀਨ ਕਵੀ ਸੀ) ਅਤੇ ਉਸ ਦਾ ਸ਼ਰੀਰ ਪੁੱਤਰਾਂ ਨੇ ਦਾਹ ਦਿਤਾ।

ਕੁਝ ਚਿਰ ਪਿਛੋਂ ਮੈਂ ਅੰਬਾਲੇ ਚਲਾ ਗਿਆ। ਛੇ ਸਾਲ ਪਿਛੋਂ ਮੈਂ ਤਿੰਨ ਵਾਰੀ ਬੁਲਾਉਣ ਤੇ ਪਟਿਆਲੇ ਚਲਾ ਗਿਆ। ਮੈਨੂੰ ਪਤਾ ਲੱਗਾ ਕਿ ਦੀਵਾਨ ਸਿੰਘ, ਚਾਤ੍ਰਿਕ ਦੇ ਲੜਕੇ ਪਟਿਆਲੇ ਆਏ ਹੋਏ ਹਨ ਅਤੇ ਪੰਜਾਬੀ ਯੂਨੀਵਰਸਿਟੀ ਦੇ ਮਹਿਮਾਨ ਹਨ। ਕ.ਸ. ਨਾਰੰਗ ਨੇ ਉਨ੍ਹਾਂ ਨੂੰ ਬੁਲਵਾਇਆ ਸੀ ਤਾਂ ਜੋ ਚਾਤ੍ਰਿਕ ਦੀਆਂ ਅਣਛਪੀਆਂ ਲਿਖਤਾਂ ਲੈ ਆਉਣ। ਦੀਵਾਨ ਸਿੰਘ ਤੋਂ ਯੂਨੀਵਰਸਿਟੀ ਨੇ ਇਕ ਹੋਰ ਖਰੜਾ ਤਿਆਰ ਕਰਾਇਆ ਅਤੇ ਖ਼ਰੀਦ ਲਿਆ। ਅਣਛਪੀਆਂ ਲਿਖਤਾਂ ਸਿਉਂਕ ਦੀ ਭੇਟਾ ਹਨ ਜਿਵੇਂ ਦੂਜੇ ਚਲੇ ਗਏ ਲਿਖਾਰੀਆਂ ਦੇ ਖਰੜੇ। ਉਸ ਘਟਨਾ ਦੇ ਬਾਅਦ ਮੈਂ ਵੀ ਚਲਾ ਗਿਆ ਅਤੇ ਨਾਰੰਗ ਸਾਹਿਬ ਦੀ ਝੂਠੀ ਸਰਪ੍ਰਸਤੀ ਮੈਨੂੰ ਸੂਤ ਨਾ ਆਈ।

ਉਨ੍ਹਾਂ ਦਿਨਾਂ ਵਿਚ ਅੰਮ੍ਰਿਤਸਰ ਪੰਜਾਬੀ ਸਾਹਿਤ ਦਾ ਘਰ ਸੀ। ਸ.ਸ. ਅਮੋਲ, ਨਿਹਾਲ ਸਿੰਘ ਰਸ ਅਤੇ ਇਕ ਤੀਜਾ ਗਿਆਨੀ ਸੀ ਜੋ ਗਿਆਨੀਆਂ ਦੀਆਂ ਕਲਾਸਾਂ ਪੜ੍ਹਾਂਦੇ ਸਨ। ਨਾਨਕ ਸਿੰਘ ਉਦੋਂ ਨਾਵਲ ਲਿਖ ਰਿਹਾ ਸੀ। ਕਦੇ ਪ੍ਰੀਤ ਨਗਰ ਜਾ ਕੇ ਨਵਾਂ ਨਾਵਲ ਲਿਖਦਾ ਪਰ ਕਦੇ ਡਲਹੌਜ਼ੀ ਵੀ ਚਲਾ ਜਾਂਦਾ ਜਦ ਨਾਵਲਾਂ ਦੇ ਰੁਖਾਂ ਤੇ ਬੇਰਾਂ ਦੀ ਥਾਂ ਰੁਪਈਆਂ ਦੇ ਫਲ ਲੱਗ ਜਾਂਦੇ। ਕਦੇ ਕਦੇ ਇਨ੍ਹਾਂ ਤਿੰਨਾਂ ਨੂੰ ਮਿਲਣ ਦਾ ਅਵਸਰ ਮਿਲ ਜਾਂਦਾ। ਪਰ ਇਕੱਲੇ ਦੀਵਾਨ ਸਿੰਘ ਵਿਚ ਕੁਲੀਨ ਹੋਣ ਦੀ ਉੱਚਤਾ ਸੀ ਅਤੇ ਇਸ ਦਾ ਸ਼ੋਸ਼ਣ ਕਰਨਾ ਕਠਨ ਸੀ। ਮੈਨੂੰ ਜਾਲੀ ਲੁਧਿਆਣਾ ਅਤੇ ਪ੍ਰੋਫ਼ੈਸਰ ਤਾਲਿਬ ਨੇ ਇਸ ਦਾਂ ਗਿਲਾ ਕੀਤਾ ਸੀ ਕਿਉਂ ਜੋ ਇਸ ਨੇ ਉਨ੍ਹਾਂ ਦੀ ਗੱਲ ਨਾ ਮੰਨੀ ਸੀ। ਜੋ ਸ਼ੋਸ਼ਕ ਆਪ ਹੋਣ ਅਤੇ ਆਪਣਾ ਕੰਮ ਦੂਜਿਆਂ ਤੋਂ ਕਰਾਏ ਪਰ ਦੂਜਿਆਂ ਦਾ ਨਾ ਕਰੇ, ਉਸ ਦਾ ਗਿਲਾ ਢੁਕਦਾ ਨਹੀਂ। ਦੀਵਾਨ ਸਿੰਘ ਬੜਾ ਬੇਲਾਗ ਪ੍ਰੋਫ਼ੈਸਰ ਹੈ ਅਤੇ ਨਿਰਲੇਪ ਹੋਣ ਦਾ ਆਦਰਸ਼ ਅਪਣਾਉਂਦਾ ਹੈ। ਮੈਂ ਦੋ ਵਾਰੀ ਅਮੋਲ ਦੇ ਗਿਆਨੀ ਕਾਲਜ ਜਾ ਕੇ ਪੰਜਾਬੀ ਸਾਹਿਤ ਦੇ ਵਿਸ਼ਿਆਂ ਤੇ ਲੈਕਚਰ ਦਿਤੇ। ਜਦ, ਐਮ.ਏ. ਕਰਕੇ ਖ਼ਾਲਸਾ ਕਾਲਜ ਜਾਲੰਧਰ ਵਿਚ ਪੰਜਾਬੀ ਵਿਭਾਗ ਦਾ ਮੁਖੀਆ ਜਾ ਲੱਗਾ, ਤਦ ਮੈਨੂੰ ਅੰਬਾਲੇ ਤੋਂ ਲੈਕਚਰ


**Goyal Travels Inc.**

IATA

4152 FRASER STREET, VANCOUVER, B.C. V5V 4E8.
Phone (604) 877-7788

TOLL FREE IN B.C., ALBERTA, SASKATCHEWAN & MANITOBA
**1-800-663-8638**



ਵੈਨਕੂਵਰ ਦਫਤਰ ਦਾ ਨਵਾਂ ਫੋਨ ਨੰਬਰ
**877-7788**

| CALGARY ਕੈਲਗਰੀ | ਐਡਮਿੰਟਨ EDMONTON | ਟਰਾਂਟੋ - TORONTO |
|---|---|---|
| UNIT 1-5320-8th. AVE., S.E. CALGARY, ALBERTA, T2A 4L7 | 9344-34th. AVE., STRATHCONA SQUARE, EDMONTON, ALTA. T6E 5X8 | SUITE 211, 593 YONGE ST. TORONTO, ONT. M4Y 1Z4 |
| PH. (403) 235-6808 | PH. (403) 462-2424 | PH. (416) 960-3666 |

*WE ARE PLEASED TO ANNOUNCE THE OPENING OF OUR THREE NEW OFFICES*

**Goyal Travel & Tours Canada Inc.**

ਲਈ ਬੁਲਾਇਆ। ਪਰ ਕਾਲਜ ਵਿਚ ਲੈਕਚਰ ਵੇਲੇ ਪੰਜਾਬੀ ਦਾ ਕੋਈ ਲੈਕਚਰਾਰ ਉਪਸਥਿਤ ਨਹੀਂ ਸੀ। ਮੈਂ ਕੁਝ ਸਮਾਂ ਉਸ ਦੇ ਘਰ ਵਿਚ ਕੱਟਿਆ ਜੋ ਕੈਂਪਸ ਵਿਚ ਸੀ। ਆਤਮਜੀਤ ਤਦ ਬਹੁਤ ਛੋਟਾ ਸੀ। ਉਸ ਦੀ ਭੈਣ ਲੇਟੀ ਰਹਿੰਦੀ ਸੀ। ਉਸ ਦੀਆਂ ਲੱਤਾਂ ਮਾਰੀਆਂ ਗਈਆਂ ਸਨ। ਉਠ ਕੇ ਤੁਰ ਨਹੀਂ ਸਕਦੀ ਸੀ। ਮੈਨੂੰ ਹੁਣ ਤਕ ਉਸ ਦੀ ਸ਼ਕਲ ਯਾਦ ਹੈ। ਤਰਸ ਭਰਪੂਰ ਅਤੇ ਨਿਰਮਾਣੀ ਜੇਹੀ। ਪਰ ਉਸ ਦਾ ਵਿਅਕਤਿਤਵ ਵਧੀਆ ਸੀ। ਉਸ ਦੀ ਮਾਤ੍ਰਾ ਪਹਿਲਾਂ ਚਲੀ ਗਈ ਸੀ। ਇਹ ਵੀ ਉਸ ਦੇ ਪਿਛੇ ਚਲੀ ਗਈ। ਸੁਣ ਕੇ ਦੁਖ ਲਗਾ।

ਨਾਨਕ ਸਿੰਘ ਕਦੇ ਕਦੇ ਮਿਲ ਪੈਂਦਾ। ਇਕ ਐਤਵਾਰ ਮੈਨੂੰ ਉਸ ਨੇ ਬੁਲਵਾ ਭੇਜਿਆ। ਕੁਝ ਸੁਣਨ ਅਤੇ ਕਹਿਣ ਦੇ ਬਾਅਦ ਉਸ ਨੇ ਮੈਨੂੰ ਆਪਣੀ ਲੋਕ ਲਿਖਾਰੀ ਸਭਾ ਦਾ ਮੀਤ ਪ੍ਰਧਾਨ ਬਣਾ ਦਿਤਾ। ਜੋ ਅਜਕਲ ਉਸ ਸਭਾ ਦੇ ਚਲਾਉਣ ਵਾਲੇ ਹਨ ਉਹ ਤਦ ਗਲੀਆਂ ਵਿਚ ਖੇਡਦੇ ਸਨ।

ਇਕ ਹੋਰ ਲਿਖਾਰੀ ਮੇਰਾ ਮਿੱਤਰ ਬਣ ਗਿਆ। ਉਹ ਕਦੇ ਕਦੇ ਕਾਲਜ ਵਿਚ ਆ ਜਾਂਦਾ। ਪ੍ਰੋਫ਼ੈਸਰਾਂ ਦੇ ਕਮਰੇ ਵਿਚ ਇਕ ਪਾਸੇ ਕੰਧ ਨਾਲ ਬਹਿ ਜਾਂਦਾ ਅਤੇ ਆਪਣੀਆਂ ਗੱਲਾਂ ਸੁਣਾਂਦਾ। ਜਾਣ ਵੇਲੇ ਕੋਈ ਪੁਸਤਕ ਲਾਇਬਰੇਰੀ ਵਿਚੋਂ ਕਢਵਾ ਲਿਜਾਂਦਾ ਜਿਵੇਂ ਕਿ ਐਡੀਸਨ, ਸਟੀਲ ਜਾਂ ਗੋਲਡ ਸਮਿਥ ਦੀ। ਦੂਜੀ ਵਾਰ ਇਕ ਮੋੜ ਕੇ ਹੋਰ ਲੈ ਜਾਂਦਾ। ਇਕ ਵਾਰੀ ਮੈਨੂੰ ਆਪਣੇ ਘਰ ਵੀ ਲੈ ਗਿਆ। ਹਰਿਮੰਦਰ ਸਾਹਿਬ ਦੇ ਨਾਲ ਦੀ ਗਲੀ ਵਿਚ ਰਹਿੰਦਾ ਸੀ। ਮੇਰੀ ਸੇਵਾ ਖ਼ਾਤਰ ਕੀਤੀ। ਆਪਣੀ ਸਦ-ਭਾਵਨਾ ਦਾ ਪ੍ਰਭਾਵ ਮੇਰੇ ਦਿਲ ਤੇ ਪਾ ਦਿਤਾ। ਆਪਣੀ ਕਿਤਾਬ "ਚੁੰਜ ਪੈਂਚੇ" ਵੀ ਮੈਨੂੰ ਤੁਹਫ਼ੇ ਦੇ ਤੌਰ ਤੇ ਦਿਤੀ। ਤੁਰਨ ਵੇਲੇ ਮੈਂ ਉਸਨੂੰ ਕਿਹਾ ਕਿ 'ਜੇ ਮੈਂ ਇਸ ਮਕਾਨ 'ਚ ਰਹਿੰਦਾ ਤਾਂ ਇਸ ਨੂੰ ਵੇਚ ਕੇ ਬਾਹਰ ਦੇ ਇਲਾਕੇ ਵਿਚ ਇਕ ਨਵਾਂ ਮਕਾਨ ਬਣਾ ਲੈਂਦਾ।' ਉਸ ਨੇ ਕਿਹਾ, "ਇਹ ਮਕਾਨ ਜੱਦੀ ਹੈ ਜੋ ਮਹਾਰਾਜਾ ਰਣਜੀਤ ਸਿੰਘ ਦੇ ਵੇਲੇ ਦਾ ਹੈ। ਇਸਨੂੰ ਕੌਣ ਵੇਚੇ ?

ਇਕ ਮਹੀਨੇ ਦੇ ਬਾਅਦ ਉਸ ਦਾ ਵੱਡਾ ਲੜਕਾ ਕਾਲਜ ਦੇ ਕਮਰੇ ਵਿਚ ਆਇਆ ਜਿਥੇ ਅਸੀਂ ਬੈਠਦੇ ਸਾਂ ਅਤੇ ਲਾਇਬਰੇਰੀ ਦੀ ਪੁਸਤਕ ਵਾਪਸ ਮੋੜੀ। ਮੈਂ ਪੁਛਿਆ, "ਸਰਦਾਰ ਜੀ ਕਿਉਂ ਨਹੀਂ ਆਏ ?" ਉਸ ਨੇ ਉਨ੍ਹਾਂ ਦੀ ਮੌਤ ਦੀ ਖ਼ਬਰ ਸੁਣਾਈ। ਮੈਨੂੰ ਬੜੀ ਚੋਟ ਲੱਗੀ। ਉਸ ਨੇ ਦੱਸਿਆ ਕਿ, "ਵੱਡੇ ਤਾਏ ਨਾਲ ਉਨ੍ਹਾਂ ਦਾ ਮਕਾਨ ਬਾਰੇ ਝਗੜਾ ਸੀ। ਝਗੜਦੇ ਝਗੜਦੇ ਥਾਣੇਦਾਰ ਭਰਾ ਨੇ ਉਸ ਉਤੇ ਪਿਸਤੌਲ ਚਲਾਇਆ ਤੇ ਉਨ੍ਹਾਂ ਨੂੰ ਮਾਰ ਦਿਤਾ। ਮੈਂ ਉਨ੍ਹਾਂ ਦੇ ਘਰ ਗਿਆ ਤੇ ਮੁਕਾਣ ਦਿਤੀ। ਪਿਛਲਾ ਵੇਲਾ ਯਾਦ ਆਇਆ। ਬਹੁਤ ਦੁਖ ਹੋਇਆ। ਇਸ ਦੁਖਾਂਤ ਤੋਂ ਇਹ ਪ੍ਰਭਾਵ ਪਿਆ ਕਿ ਨਾ ਧਰਮ ਪਿਆਰਾ ਹੈ; ਨਾ ਸਾਂਝਾ ਖ਼ੂਨ ਪਿਆਰਾ ਹੈ; ਪਰ ਅਰਥ ਬਹੁਤ ਹੀ ਪਿਆਰਾ ਹੈ। ਮਾਰਕਸ ਠੀਕ ਕਹਿ ਗਿਆ ਹੈ। ਪੰਜਾਬ ਦੀ ਸਥਿਤੀ ਇਸ ਕਥਨ ਦਾ ਪ੍ਰਮਾਣ ਹੈ।

# ਸ਼ਹੀਦ ਭਗਤ ਸਿੰਘ ਦੇ ਨਾਂ

## –ਅਮਰਦੀਪ ਗਿੱਲ

ਸਾਡੇ ਇਤਿਹਾਸ ਦੇ ਸੁਨਹਿਰੀ ਪੰਨੇ !
ਤਲੁਜ ਦਾ ਕੰਢਾ ਬਹੁਤ ਉਦਾਸ ਹੈ,
ਭਾਵੇਂ ਉਸਦੇ ਮੱਥੇ 'ਤੇ—
ਅੱਜ ਵੀ ਤੇਰੇ ਖ਼ੂਨ ਦਾ ਟਿੱਕਾ ਹੈ,
ਭਾਵੇਂ ਅੱਜ ਵੀ ਉਸਦੀ ਬੁੱਕਲ ਵਿਚ
ਤੇਰੇ ਬੋਲਾਂ ਦੇ ਨਕਸ਼ ਨੇ,
ਪਰ ਫਿਰ ਵੀ ਅੱਜ—
ਸਤਲੁਜ ਦਾ ਕੰਢਾ ਬਹੁਤ ਉਦਾਸ ਹੈ,
ਜਾਂ ਸ਼ਾਇਦ ਉਹ ਬੇ-ਆਸ ਹੈ,
ਉਸਨੂੰ ਡਰ ਹੈ ਸ਼ਾਇਦ ਕਿ—
ਗੁੱਜਰਾਂਵਾਲਾ ਵਾਂਗ ਕਿਧਰੇ ਖਟਕੜ ਕਲਾਂ ਵੀ
ਨਾ ਵਿਛੜ ਜਾਵੇ ਉਸ ਤੋਂ,
ਜਾਂ ਤੇਰੀ ਯਾਦ ਦੇ ਨਿਸ਼ਾਨਾਂ ਨੂੰ
ਕੋਈ ਮਿਟਾ ਨਾ ਦੇਵੇ—
ਕੋਈ ਉਸਦੀ ਹਿੱਕ ਤੋਂ,
ਤੂੰ ਨਹੀਂ ਜਾਣਦਾ—
ਤੂੰ 'ਜਿੰਨ੍ਹਾਂ' ਲਈ ਕੁਰਬਾਨੀ ਦਿੱਤੀ ਸੀ
ਉਸ ਉਸ ਦਾ 'ਮੁੱਲ' ਕਿੰਝ ਉਤਾਰ ਰਹੇ ਨੇ
ਤੇਰੇ ਜਾਣ ਪਿੱਛੋਂ—
ਤੇਰੇ ਸਾਇਆਂ ਨੂੰ ਤਲਵਾਰਾਂ ਮਾਰ ਰਹੇ ਨੇ,
ਪਰ ਐ ਸਾਡੀ ਅਣਖ ਦੇ ਸਿਖ਼ਰ !
ਸਾਨੂੰ ਹੁਸੈਨੀਵਾਲਾ ਦੀ ਮਿੱਟੀ ਵਿਚ ਰਲੀ—
ਸੁਆਹ ਦੀ ਸੌਂਹ !
ਅਸੀਂ "ਵਾਰਸ" ਦੇ ਅਰਥ ਨਿਭਾਵਾਂਗੇ
"ਸਰਫਰੋਸ਼ੀ ਕੀ ਤਮੰਨਾ………"
ਅੱਜ ਫਿਰ ਗਾਵਾਂਗੇ,
'ਤੇ ਕੱਲ ਨੂੰ ਭਵਿੱਖ ਬੇ-ਆਸ ਨਹੀਂ ਰਹੇਗਾ
ਸਤਲੁਜ ਦਾ ਕੰਢਾ ਉਦਾਸ ਨਹੀਂ ਰਹੇਗਾ।


**WHEATON**

**PONTIAC BUICK GMC LTD.**

ਨਵੀਆਂ ਤੇ ਪੁਰਾਣੀਆਂ ਕਾਰਾਂ, ਸਟੇਸ਼ਨ ਵੈਗਨਾਂ, ਟਰਕ, ਵੈਨਾਂ ਅਤੇ 4x4 ਜਿਮੀ ਲੈਣ ਲਈ ਆਪਣੇ ਜਾਣੇ ਪਛਾਣੇ ਸੇਲਜ਼ਮੈਨ ਨੂੰ ਮਿਲੋ

ਕੁਲਦੀਪ ਸਿੰਘ ਭੰਡ ਨੂੰ ਫੂਨ ਕਰੋ ਜਾਂ ਮਿਲੋ

Bus. 526-2781

Res. 524-4137

Pager 687-7711 #7610

325 - 12th St., New Westminster, B.C.



ਕੁਲਦੀਪ ਸਿੰਘ ਭੰਡ

ਸਰਾਫਵਾਦੀ ਇਹ ਆਖਦੇ ਹਨ ਕਿ ਕਾਂਗਰਸ (ਆਈ) ਮੁਤਾਬਕ ਖਾਲਸਤਾਨ ਦਾ ਨਾਅਰਾ 'ਬਦੇਸ਼ ਤੋਂ ਪਰੇਰਤ' ਨਾਅਰਾ ਹੈ। ਇਸ ਤੋਂ ਵਧ ਹਾਕਮ ਕਾਂਗਰਸ (ਆਈ) ਦੀ ਸੇਵਾ ਕੀ ਹੋ ਸਕਦੀ ਹੈ? ਮੁਲਕ ਵਿਚਲੀਆਂ ਖੱਬੀਆਂ ਅਤੇ ਜਮਹੂਰੀ ਸ਼ਕਤੀਆਂ ਤਾਂ ਖਾਲਸਤਾਨੀ ਲਹਿਰ ਦੇ ਅਰੰਭ ਵਿਚ ਕਾਂਗਰਸ (ਆਈ) ਦੇ ਆਗੂਆਂ ਉਤੇ ਦਲ ਖਾਲਸਾ ਵਰਗੀਆਂ ਜਥੇਬੰਦੀਆਂ ਨੂੰ ਥਾਪੀ ਦੇਣ, ਅੱਤਵਾਦੀ ਅਤੇ ਬੁਨਿਆਦਪਰਸਤ ਆਗੂਆਂ ਨੂੰ ਅਕਾਲੀ ਦਲ ਦੇ ਵਿਰੋਧ ਵਿਚ ਮੂਲਵਾਦੀ ਅਤੇ ਵਧੇਰੇ ਕਟੜ ਫਿਰਕੂ ਪਲੇਟਫਾਰਮ ਖੜਾ ਕਰਨ ਲਈ ਉਤਸ਼ਾਹ ਦੇਣ, ਪੰਜਾਬੀਆਂ ਦੀਆਂ ਗੈਰ-ਫਿਰਕੂ ਅਤੇ ਜਮਹੂਰੀ ਮੰਗਾਂ ਮੰਨਣ ਦੀ ਥਾਂ ਉਤੇ ਧਾਰਾ 325 ਵਰਗੀਆਂ ਸਿਰੇ ਦੀਆਂ ਫਿਰਕੂ ਮੰਗਾਂ ਬਾਰੇ ਹਾਂ-ਪੱਖੀ ਰਵਈਆ ਅਪਣਾ ਕੇ ਮੂਲਵਾਦੀਆਂ ਨੂੰ ਸ਼ਹਿ ਦੇਣ ਦਾ ਦੋਸ਼ ਲਾਉਂਦੀਆਂ ਹਨ। ਖੱਬੀਆਂ ਅਤੇ ਜਮਹੂਰੀ ਸ਼ਕਤੀਆਂ, ਅਤੇ ਵਿਸ਼ੇਸ਼ ਕਰਕੇ ਸੀ. ਪੀ. ਆਈ (ਐਮ) ਕਾਂਗਰਸ ਦੀ ਇਸ ਗੱਲ ਲਈ ਨੁਕਤਾਚੀਨੀ ਕਰਦੀਆਂ ਹਨ ਕਿ ਉਹ ਖਾਲਸਤਾਨੀ ਸਾਜ਼ਸ਼ ਪਿਛੇ ਬਦੇਸ਼ੀ ਸਾਮਰਾਜੀ ਹੱਥ ਨੂੰ ਅਣਗੌਲਿਆਂ ਕਰਕੇ ਮੁਲਕ ਦੀ ਜਨਤਾ ਵਿਚ ਸਾਮਰਾਜ ਦੇ ਰੋਲ ਬਾਰੇ ਅਵੇਸਲਾਪਣ ਪੈਦਾ ਕਰਦੀ ਹੈ। ਪਰ ਸਰਾਫਵਾਦੀ ਖਾਲਸਤਾਨੀ ਲਹਿਰ ਪਿਛੇ ਬਦੇਸ਼ੀ ਸਾਮਰਾਜੀ ਹਥ ਨੂੰ ਮਾਨਤਾ ਦੇਣ ਲਈ ਕਾਂਗਰਸ (ਆਈ) ਵਲੋਂ ਸਪਸ਼ਟੀਕਰਣ ਦਿੰਦੇ ਹਨ ਕਿ ਕਾਂਗਰਸ (ਆਈ) ਤਾਂ ਸਮਝਦੀ ਹੈ। ਕਿ ਇਹ ਲਹਿਰ ਬਦੇਸ਼ ਤੋਂ ਭੜਕਾਈ ਹੋਈ ਹੈ। ਸੋ ਉਹਨਾਂ ਮੁਤਾਬਕ ਇਕ ਪੂੰਜੀਪਤੀ ਪਾਰਟੀ ਤਾਂ ਖਾਲਸਤਾਨੀ ਲਹਿਰ ਦੇ ਸਾਮਰਾਜ-ਪੱਖੀ ਕਿਰਦਾਰ ਨੂੰ ਸਮਝਦੀ ਹੈ, ਪਰ ਸਾਡੇ 'ਅੰਤਰਰਾਸ਼ਟਰਵਾਦੀ' ਏਸ ਨੂੰ ਖਾਲਸ ਦੇਸੀ ਵਰਤਾਰਾ ਸਮਝਦੇ ਹੋਏ ਇਸ ਨੂੰ ਖੱਚਘਰੜ 'ਹਿੰਦੂ-ਸਿੱਖ ਸਵਾਲ' ਦੇ ਚੌਖਟੇ ਵਿਚ ਦੇਖਦੇ ਹਨ।

ਪਰ ਖਾਲਸਤਾਨੀ ਲਹਿਰ ਬਾਰੇ ਸੀ. ਪੀ. ਆਈ. (ਐਮ) ਅਤੇ ਸੀ. ਪੀ. ਆਈ. ਦੇ ਸਟੈਂਡ ਦੀ ਵਿਆਖਿਆ ਕਰਦੇ ਹੋਏ ਸਰਾਫਵਾਦੀ ਬੇਹੂਦਗੀ, ਮੌਕਾਤਾੜਪੁਣੇ ਅਤੇ ਸਿਆਸੀ ਬੇਈਮਾਨੀ ਦੀਆਂ ਸਾਰੀਆਂ ਹੱਦਾਂ ਲੰਘ ਜਾਂਦੇ ਹਨ। ਸਰਾਫਵਾਦੀਆਂ ਦੇ ਕਿਤਾਬਚੇ 'ਪੰਜਾਬ ਵਿਚਲਾ ਸਵਾਲ' ਵਿਚੋਂ ਜਿਹੜਾ ਹਵਾਲਾ ਪਿੱਛੇ ਦਿੱਤਾ ਗਿਆ ਉਸ ਮੁਤਾਬਕ ਭਾਰਤ ਵਿਚਲੀਆਂ 'ਦੂਸਰੀਆਂ ਮੁੱਖ ਪਾਰਟੀਆਂ ਬੀ. ਜੇ. ਪੀ., ਲੋਕ ਦਲ, ਸੀ. ਪੀ. ਐਮ, ਸੀ. ਪੀ. ਆਈ,' ਦੀ ਪੰਜਾਬ ਮਸਲਿਆਂ ਬਾਰੇ ਪਹੁੰਚ 'ਇਕੋ ਜਿਹੀ ਹੈ।' ਸਰਾਫਵਾਦੀਆਂ ਮੁਤਾਬਕ ਇਹ ਸਾਰੀਆਂ ਪਾਰਟੀਆਂ ਭਾਰਤੀ ਰਾਜ ਨੂੰ 'ਧਰਮ ਨਿਰਪੱਖ' ਰਾਜ ਸਮਝਦੀਆਂ ਹਨ। ਉਹ ਸਾਨੂੰ ਇਹ ਜਾਣਕਾਰੀ ਵੀ ਦਿੰਦੇ ਹਨ ਕਿ ਸੀ. ਪੀ. ਆਈ. (ਅਮ) ਸਮੇਤ ਇਹ ਸਭ ਪਾਰਟੀਆਂ ਪੰਜਾਬ ਮਸਲੇ ਦੇ ਹੱਲ ਲਈ 'ਹਥਿਆਰਬੰਦ ਜਬਰ' ਦੀ ਲਾਈਨ ਦੀ 'ਹਮਾਇਤ' ਕਰਦੀਆਂ ਹਨ। ਸਰਾਫਵਾਦੀਆਂ ਦੀਆਂ ਇਹ ਸਾਰੀਆਂ ਧਾਰਨਾਵਾਂ ਕਿਵੇਂ ਝੂਠ ਦੇ ਪੁਲੰਦੇ ਤੋਂ ਸਿਵਾ ਹੋਰ ਕੁਝ ਵੀ ਨਹੀਂ ਹਨ, ਇਹ ਅਸੀਂ ਹੇਠਾਂ ਵੇਖਾਂਗੇ।

ਸਰਾਫਵਾਦੀਆਂ ਨੂੰ ਅਸੀਂ ਦੱਸਣਾ ਚਾਹਵਾਂਗੇ ਕਿ ਭਾਰਤ ਦੇ ਸਿਆਸੀ ਪਿੜ ਵਿਚ ਵੱਖ ਵੱਖ ਪਾਰਟੀਆਂ ਜਿਹਨਾਂ ਨੂੰ ਉਹ 'ਮੁੱਖ ਪਾਰਟੀਆਂ' ਆਖਦੇ ਹਨ, ਦੀ ਪਹੁੰਚ ਵਿਚ ਇਕਰੂਪਤਾ ਦਾ ਨਾਂਅ ਤਕ ਨਹੀਂ ਹੈ। ਇਸਦੇ ਉਲਟ, ਮੁਲਕ ਵਿਚ ਪਿਛਲੇ ਸਮੇਂ ਵਿਚ ਫਿਰਕੂ, ਅੱਤਵਾਦੀ, ਜਾਤਵਾਦੀ, ਸ਼ਾਵਨਵਾਦੀ ਇਲਾਕਾਵਾਦੀ ਤਾਕਤਾਂ ਦੇ ਉਭਾਰ ਦੇ ਪ੍ਰਸੰਗ ਵਿਚ ਇਹਨਾਂ 'ਮੁੱਖ ਪਾਰਟੀਆਂ' ਵਿਚ ਨਖੇੜੇ ਦੀ ਸਪਸ਼ਟ ਲਕੀਰ ਹੈ। ਇਹ ਨਖੇੜਾ ਗੈਰ-ਖੱਬੀਆਂ ਪੂੰਜੀਵਾਦੀ ਵਿਰੋਧੀ ਪਾਰਟੀਆਂ ਅਤੇ ਖੱਬੀਆਂ ਪਾਰਟੀਆਂ ਵਿਚਕਾਰ ਹੈ। ਜਿਥੇ ਬੁਰਜੂਆ ਵਿਰੋਧੀ ਪਾਰਟੀਆਂ ਵੰਡਵਾਦੀ ਸ਼ਕਤੀਆਂ ਨੂੰ ਪਤਿਆਉਣ, ਅਤੇ ਥੋੜੇ ਚਿਰੇ ਪਾਰਲੀਮਾਨੀ ਲਾਭਾਂ ਦੀ ਖਾਤਰ ਇਹਨਾਂ ਨੂੰ ਸ਼ਹਿ ਦੇਣ ਦੀ ਖਤਰਨਾਕ ਨੀਤੀ ਉਤੇ ਚਲ ਰਹੀਆਂ ਹਨ, ਉਥੇ ਖੱਬੀਆਂ ਪਾਰਟੀਆਂ ਅਤੇ ਖਾਸ ਕਰਕੇ ਸੀ. ਪੀ. ਆਈ. (ਐਮ) ਮੁਲਕ ਦੇ ਲੋਕਾਂ ਦੀਆਂ ਸਾਂਝੀਆਂ ਸਾਮਰਾਜ-ਵਿਰੋਧੀ ਰਵਾਇਤਾਂ, ਮਿਹਨਤੀ ਲੋਕਾਂ ਦੀ ਏਕਤਾ, ਦੀ ਰਾਖੀ ਕਰਨ ਅਤੇ ਮੁਲਕ ਵਿਚ ਸਮਾਜਕ ਤਰੱਕੀ ਦੇ ਘੋਲ ਨੂੰ ਅਗਾਂਹ ਲਿਜਾਣ ਲਈ ਇਹਨਾਂ ਦਾ ਡੱਟਵਾਂ ਵਿਰੋਧ ਕਰ ਰਹੀਆਂ ਹਨ। ਪੰਜਾਬ ਮਸਲੇ ਸਬੰਧੀ ਖੱਬੀ ਅਤੇ ਗੈਰ-ਖੱਬੀ ਵਿਰੋਧੀ ਧਿਰ ਦੇ ਸਟੈਂਡ ਵਿਚਕਾਰ ਇਹ ਫਰਕ ਸਪਸ਼ਟ ਵੇਖਿਆ ਜਾ ਸਕਦਾ ਹੈ।

ਜਿਥੇ ਸੀ. ਪੀ. ਆਈ. (ਐਮ) ਅਤੇ ਦੂਸਰੀਆਂ ਖੱਬੀਆਂ ਸ਼ਕਤੀਆਂ ਪੰਜਾਬ ਮਸਲੇ ਦੇ ਹੱਲ ਲਈ ਪੰਜਾਬ ਸਮਝੌਤੇ ਨੂੰ ਲਾਗੂ ਕਰਨ ਦੀ ਮੰਗ ਕਰਦੀਆਂ ਹਨ, ਉਥੇ ਬੀ. ਜੇ. ਪੀ. ਅਤੇ ਲੋਕ ਦਲ ਦੇ ਹਰਿਆਣਾ ਯੂਨਟ ਪੰਜਾਬ ਸਮਝੌਤੇ ਨੂੰ ਹਰਿਆਣੇ ਦੇ ਹਿਤਾਂ ਨੂੰ ਵੇਚ ਦੇਣ ਵਾਲਾ ਦਸਤਾਵੇਜ਼ ਸਮਝਦੇ ਹਨ, ਅਤੇ ਦੇਵੀ ਲਾਲ ਅਤੇ ਮੰਗਲ ਸੈਨ ਵਰਗੇ ਆਗੂ ਏਸ ਸਮਝੌਤੇ ਦੇ ਖਿਲਾਫ ਜ਼ਹਿਰੀਲੀ ਪੰਜਾਬ ਵਿਰੋਧੀ ਸ਼ਾਵਨਵਾਦੀ ਪਰਚਾਰ ਮੁਹਿੰਮ ਵਿਚ ਲੱਗੇ ਹੋਏ ਹਨ। ਖੱਬੀ ਅਤੇ ਮੌਕਾਪ੍ਰਸਤ ਪੂੰਜੀਵਾਦੀ ਧਿਰ ਵਿਚਾਲੇ ਇਹ ਟਕਰਾਅ ਲੋਕ ਦਲ ਦੀ ਲੀਡਰਸ਼ਿਪ ਨੂੰ ਜਮਹੂਰੀ ਲਹਿਰ ਉਤੇ ਘਿਨਾਉਣੇ ਗੁੰਡਾ ਹਮਲਿਆਂ ਤਕ ਲੈ ਗਿਆ ਹੈ। ਹਰਿ-


# Garrison Beatty & Godoy Insurance

GENL Agencies Ltd.

ਕਾਰਾਂ, ਵੈਨਾਂ, ਟਰੱਕਾਂ
ਜਾਂ ਹੋਰ ਹਰ ਤਰ੍ਹਾਂ ਦੀ ਇਨਸ਼ੋਰੈਂਸ
ਕਰਾਉਣ ਲਈ ਸਾਡੇ ਪਾਸ ਦਰਸ਼ਨ ਦਿਓ

6435 - Victoria Dr., Vancouver, B.C. V5P 3X5

Ph. 321-6557



BALDEV SANGRA

ਆਣਵੀ ਬ੍ਰਾਹਮਣਵਾਦ ਦੇ ਵਿਰੋਧ ਦੀ ਕੀਮਤ ਜਮਹੂਰੀ ਲਹਿਰ ਨੂੰ ਆਪਣਾ ਲਹੂ ਦੇ ਕੇ ਤਾਰਨੀ ਪੈ ਰਹੀ ਹੈ। ਹਰਿਆਣਾ ਐਸ. ਐਫ. ਆਈ. ਦੇ ਪਰਧਾਨ ਜਸਬੀਰ ਸਿੰਘ ਦਾ ਲੋਕ ਦਲ ਦੇ ਗੁੰਡਿਆਂ ਹੱਥੋਂ ਕਤਲ ਏਸ ਦਾ ਪ੍ਰਤੱਖ ਸਬੂਤ ਹੈ। ਜਿਥੇ ਸੀ. ਪੀ. ਆਈ. (ਐਮ) ਅਤੇ ਸੀ. ਪੀ. ਆਈ. ਦੀਆਂ ਵਖ ਵਖ ਰਾਜ ਇਕਾਈਆਂ ਇਕ ਮੂੰਹ ਹੋ ਕੇ ਪੰਜਾਬ ਸਮਝੌਤਾ ਲਾਗੂ ਕਰਨ ਦੀ ਮੰਗ ਕਰਦੀਆਂ ਹਨ ਉਥੇ ਬੀ. ਜੇ. ਪੀ. ਦੀ ਪੰਜਾਬ ਇਕਾਈ ਪੰਜਾਬ ਸਮਝੌਤਾ ਲਾਗੂ ਕਰਨ, ਹਰਿਆਣਾ ਇਕਾਈ ਸਮਝੌਤੇ ਨੂੰ ਰੱਦਣ ਅਤੇ ਚੰਡੀਗੜ੍ਹ ਇਕਾਈ ਚੰਡੀਗੜ੍ਹ ਨੂੰ ਵੱਖਰੀ ਇਕਾਈ ਦੇ ਤੌਰ ਉਤੇ ਕਾਇਮ ਰੱਖਣ ਦਾ ਸਵੈ-ਵਿਰੋਧੀ ਮੌਕਾਪ੍ਰਸਤ ਸਟੈਂਡ ਲੈਂਦੀਆਂ ਹਨ। ਖੱਬੀ-ਧਿਰ ਦੇ ਪੰਜਾਬ ਮਸਲੇ ਸਬੰਧੀ ਪਹੁੰਚ ਨੂੰ 'ਇਕੋ ਜਿਹੀ' ਦੱਸ ਕੇ ਸਰਾਫਵਾਦੀ ਕਿਸ ਦੀ ਸੇਵਾ ਕਰਦੇ ਹਨ, ਇਹ ਸਮਝਣਾ ਔਖਾ ਨਹੀਂ।

ਸਰਾਫਵਾਦੀਆਂ ਦਾ ਇਹ ਇਲਜ਼ਾਮ ਕਿ ਸੀ. ਪੀ. ਆਈ (ਐਮ) ਭਾਰਤੀ ਰਾਜ ਨੂੰ 'ਧਰਮ-ਨਿਰਪੱਖ' ਸਮਝਦੀ ਹੈ, ਗੁੰਮਰਾਹ-ਕੁੰਨ ਹੈ। ਮਾਰਕਸਵਾਦ-ਲੈਨਿਨਵਾਦ ਕਦੇ ਲੁਟੇਰੇ ਰਾਜਾਂ ਦੇ ਸਮਾਜਕ-ਸਭਿਆਚਾਰਕ ਅਦਾਰਿਆਂ ਅਤੇ ਸੰਸਥਾਵਾਂ ਦੇ ਰੂਪਾਂ ਬਾਰੇ ਹੂੰਝਾ-ਫੇਰੂ ਸਧਾਰਣੀਕਰਣ ਦੀਆਂ ਧਾਰਣਾਵਾਂ ਬਣਾਉਣ ਦੀ ਸਿਖਿਆ ਨਹੀਂ ਦਿੰਦਾ ਅਤੇ ਇਹਨਾਂ ਸੰਸਥਾਵਾਂ ਦੇ ਠੋਸ ਰੂਪਾਂ ਦਾ ਅਧਿਆਨ ਕਰਕੇ ਇਸ ਅਧਾਰ ਉਤੇ ਆਪਣਾ ਸਿਆਸੀ ਪੈਂਤੜਾ ਤਹਿ ਕਰਨ ਦੇ ਹੱਕ ਵਿਚ ਹੈ। ਇਸ ਪੱਖ ਤੋਂ ਵੇਖਿਆ, ਸੀ. ਪੀ. ਆਈ. (ਐਮ) ਯਕੀਨਨ ਹੀ, ਭਾਰਤੀ ਰਾਜ ਨੂੰ ਖੁਮੀਨੀ ਦੀ ਅਗਵਾਈ ਵਿਚਲੇ ਈਰਾਨੀ ਰਾਜ, ਜਿਆ ਦੇ ਪਾਕਿਸਤਾਨ, ਸਾਊਦੀ ਅਰਬੀਆ ਅਤੇ ਜਾਰਡਨ ਦੇ ਮੁਸਲਮ ਕੱਟੜਵਾਦੀ ਰਾਜਾਂ, ਅਤੇ ਨੇਪਾਲ ਦੇ ਹਿੰਦੂ ਰਜਵਾੜਾ ਸ਼ਾਹੀ ਰਾਜ ਤੋਂ ਵਖਰਿਆਉਂਦੀ ਹੈ।

ਸੀ. ਪੀ. ਆਈ. (ਐਮ) ਹਕੀਕੀ ਧਰਮ-ਨਿਰਪੱਖਤਾ ਤੋਂ ਭਾਵ ਇਹ ਸਮਝਦੀ ਹੈ ਜਿਹੜੀ ਵਿਚਾਰਧਾਰਾ ਧਰਮ ਨੂੰ ਵਿਅਕਤੀ ਦਾ ਵਿਅਕਤੀਗਤ ਮਾਮਲਾ ਸਮਝਦੀ ਹੋਵੇ, ਧਰਮ ਦੇ ਸਿਆਸਤ ਵਿਚ ਦਖਲ ਨੂੰ ਰੱਦ ਕਰਦੀ ਹੋਵੇ, ਅਤੇ ਰਾਜ ਦੇ ਵੱਖ-ਵੱਖ ਧਰਮਾਂ ਨੂੰ ਉਤਸ਼ਾਹ ਦੇਣ ਦੇ ਵਿਰੋਧ ਵਿਚ ਹੋਵੇ। ਇਕ ਕਸਵੱਟੀ ਉਤੇ ਪਰਖਿਆ ਭਾਰਤੀ ਰਾਜ ਨੂੰ ਇਕ ਹਕੀਕੀ ਧਰਮ-ਨਿਰਪੱਖ ਰਾਜ ਨਹੀਂ ਆਖਿਆ ਜਾ ਸਕਦਾ। ਭਾਰਤ ਵਿਚ ਰਾਜ ਕਰ ਰਹੀ ਕਾਂਗਰਸ ਪਾਰਟੀ ਆਪਣੇ ਰਾਜਨੀਤਕ ਲਾਹਿਆਂ ਖਾਤਰ ਵੱਖ-ਵੱਖ ਫਿਰਕੂ ਧਾਰਾਵਾਂ ਅਤੇ ਗੁੱਟਾਂ ਨਾਲ ਗਠਜੋੜ ਕਰਦੀ ਰਹੀ ਹੈ। ਕੇਰਲਾ ਵਿਚ ਸੀ. ਪੀ. ਆਈ (ਐਮ) ਨੂੰ ਸਰਕਾਰ ਬਣਾਉਣ ਤੋਂ ਰੋਕਣ ਲਈ ਮੁਸਲਮ ਲੀਗ ਅਤੇ ਕੇਰਲ ਕਾਂਗਰਸ ਆਦਿ ਫਿਰਕੂ ਪਾਰਟੀਆਂ ਨਾਲ ਗਠਜੋੜ, ਮੁਸਲਮ ਮੂਲਵਾਦ ਨੂੰ ਪੱਠੇ ਪਾਉਣ ਲਈ ਮੁਸਲਮ ਔਰਤਾਂ ਨੂੰ ਤਲਾਕ ਉਪਰੰਤ ਮੁਆਵਜ਼ੇ ਤੋਂ ਵਾਂਝਿਆਂ ਕਰਨ ਲਈ ਬਿਲ ਲਿਆਉਣਾ, ਹਿੰਦੂ ਫਿਰਕਾਪ੍ਰਸਤੀ ਨੂੰ ਪਰਿਆਉਣ ਲਈ ਅਜੁਧਿਆ ਵਿਚ ਹਿੰਦੂਆਂ ਅਤੇ ਮੁਸਲਮਾਨਾਂ ਵਿਚਕਾਰ ਝਗੜੇ ਵਾਲੇ ਧਾਰਮਕ ਥਾਂ ਨੂੰ ਹਿੰਦੂਆਂ ਲਈ ਖੋਲ੍ਹ ਦੇਣਾ ਵੱਖ-ਵੱਖ ਵੰਨਗੀਆਂ ਵਾਲੇ ਫਿਰਕਾ ਪ੍ਰਸਤ ਅਨਸਰਾਂ ਨੂੰ ਉਤਸ਼ਾਹਤ ਕਰਕੇ ਉਹਨਾਂ ਦੇ ਵੋਟ ਬੈਂਕਾਂ ਨੂੰ ਸੁਰਖਿਅਤ ਕਰਨ ਦੀਆਂ ਕੁਝ ਸੱਜਰੀਆਂ ਮਿਸਾਲਾਂ ਹਨ। ਪੰਜਾਬ ਸਿੱਖ ਮੂਲਵਾਦੀ ਲੀਡਰਸ਼ਿਪ ਨੂੰ ਉਭਾਰਨ ਵਿਚ ਕਾਂਗਰਸ (ਆਈ) ਦੀ ਲੀਡਰਸ਼ਿਪ ਦਾ ਰੋਲ ਇਤਿਹਾਸ ਦੇ ਮੌਜੂਦਾ ਦੌਰ ਦੀ ਸਰਬ ਪ੍ਰਵਾਨਤ ਹਕੀਕਤ ਬਣ ਚੁਕਾ ਹੈ। ਕਾਂਗਰਸ (ਆਈ) ਦਾ ਹਕੀਕੀ ਧਰਮ-ਨਿਰਪੱਖਤਾ ਨਾਲ ਉਕਾ ਹੀ ਸਰੋਕਾਰ ਨਹੀਂ, ਪਰ ਆਰ. ਐਸ. ਐਸ ਅਤੇ ਜਮਾਤੇ-ਇਸਲਾਮੀ ਵਰਗੀਆਂ ਪ੍ਰਤੀਬੱਧ ਫਿਰਕੂ ਧਿਰਾਂ ਨਾਲੋਂ ਇਸਦਾ ਇਹ ਫਰਕ ਜ਼ਰੂਰ ਹੈ ਕਿ ਕਿਸੇ ਇਕ ਫਿਰਕੇ ਨਾਲ ਪ੍ਰਤੀਬਧਤਾ ਦੀ ਥਾਂ ਉਤੇ ਇਹ ਰਾਜਸੀ ਸੱਤਾ ਹਥਿਆਉਣ ਲਈ ਬੜੇ ਲਚਕਦਾਰ ਦਾਅਪੇਚਾਂ ਨਾਲ ਲੋੜੀਂਦੀ ਮੁਤਾਬਕ ਵੱਖ-ਵੱਖ ਤਰਾਂ ਦੀਆਂ ਫਿਰਕਾ ਪ੍ਰਸਤ ਤਾਕਤਾਂ ਨਾਲ ਗਠਜੋੜ ਕਰਦੀ ਹੈ।

ਸੀ. ਪੀ. ਆਈ (ਐਮ) ਸਾਰੇ ਧਰਮਾਂ ਨੂੰ ਉਤਸ਼ਾਹਤ ਕਰਨ, ਫਿਰਕੂ ਤਾਕਤਾਂ ਨਾਲ ਗਠਜੋੜ ਕਰਨ, ਧਰਮ ਅਤੇ ਸਿਆਸਤ ਨੂੰ ਰਲਗੱਡ ਕਰਨ ਵਾਲੀ ਕਾਂਗਰਸ-ਨੁਮਾ 'ਧਰਮ ਨਿਰਪੱਖਤਾ' ਦਾ ਪਰਦਾਫਾਸ਼ ਕਰਦੀ ਹੈ। ਸੀ. ਪੀ. ਆਈ (ਐਮ) ਬਹੁਗਿਣਤੀ ਦੀ ਫਿਰਕਾਪ੍ਰਸਤੀ ਨੂੰ ਆਪਣਾ ਮੁੱਖ ਨਿਸ਼ਾਨਾ ਬਣਾਉਂਦੇ ਹੋਏ, ਅਤੇ ਧਾਰਮਕ ਘੱਟ ਗਿਣਤੀਆਂ ਦੀ ਰਾਖੀ ਦਾ ਝੰਡਾ ਬੁਲੰਦ ਕਰਦਿਆਂ, ਘੱਟ ਗਿਣਤੀ ਦੀ ਫਿਰਕਾਪ੍ਰਸਤੀ ਦਾ ਵੀ ਡਟਵਾਂ ਵਿਰੋਧ ਕਰਦੀ ਹੈ। ਹਰ ਵੰਨਗੀ ਦੀਆਂ ਉਹ ਫਿਰਕੂ ਤਾਕਤਾਂ ਭਾਵੇਂ ਉਹ ਆਪੇ ਆਪਣੇ ਫਿਰਕੇ ਦੇ 'ਹਿੱਤਾਂ' ਦੀਆਂ ਅਲੰਬਰਦਾਰ ਅਖਵਾਉਣ ਅੰਤਮ ਤੌਰ ਉਤੇ ਫਿਰਕੂ ਵਿਚਾਰਧਾਰਾ ਨੂੰ ਤਕੜਿਆਂ ਕਰਨ, ਜਮਾਤੀ ਵਿਰੋਧਾਂ ਨੂੰ ਧੁੰਦਲਿਆਂ ਕਰਨ, ਮਿਹਨਤਕਸ਼ਾਂ ਦੀ ਏਕਤਾ ਨੂੰ ਤੋੜਨ, ਪੂੰਜੀਵਾਦੀ ਪ੍ਰਬੰਧ ਦੀ ਉਮਰ ਨੂੰ ਲਮੇਰਾ ਕਰਨ ਅਤੇ ਸਾਮਰਾਜੀ ਤਾਕਤਾਂ ਨੂੰ ਦਖਲ ਅੰਦਾਜ਼ੀ ਕਰਨ ਲਈ ਅਧਾਰ ਦੇਣ ਦਾ ਕੰਮ ਹੀ ਕਰਦੀਆਂ ਹਨ।

ਏਸੇ ਕਰਕੇ ਜੇ ਸੀ. ਪੀ. ਆਈ (ਐਮ) ਪੰਜਾਬ ਵਿਚ ਧਰਮ ਦੇ ਨਾਂਅ ਹੇਠ ਬੇਹਥਿਆਰੇ ਨਿਰਦੋਸ਼ ਲੋਕਾਂ ਨੂੰ ਗੋਲੀਆਂ ਨਾਲ ਉਡਾਉਣ ਵਾਲੇ ਅੱਤਵਾਦੀ ਦਹਿਸ਼ਤਗਰਦਾਂ ਨੂੰ ਵੰਗਾਰ ਰਹੀ ਹੈ ਤਾਂ ਹਰਿਆਣੇ ਵਿਚ ਸਿੱਖ ਵਿਰੋਧੀ ਜਨੂੰਨ ਉਭਾਰਨ ਵਾਲੇ ਦੇਵੀ ਲਾਲਾਂ ਅਤੇ ਮੰਗਲ ਸੈਨਾਂ ਨੂੰ ਬੇਨਕਾਬ ਕਰਨ ਦਾ ਮਾਣ ਵੀ ਸੀ. ਪੀ. ਆਈ (ਐਮ) ਨੂੰ ਹੀ ਹੈ। ਇੰਦਰਾ ਗਾਂਧੀ ਦੇ ਕਤਲ ਉਪਰੰਤ ਬੰਗਾਲ ਵਿਚ ਇਹ ਸੀ. ਪੀ. ਆਈ (ਐਮ) ਦੀ ਜਥੇਬੰਦਕ ਸ਼ਕਤੀ ਸੀ ਜਿਸਨੇ ਕਾਂਗਰਸ (ਆਈ) ਦੇ ਸ਼ਿਸ਼ਕਾਰੇ ਹੋਏ ਹਿੰਦੂ ਜਨੂੰਨੀ ਗੁੰਡਿਆਂ ਤੋਂ ਸਿੱਖਾਂ ਦੀ ਜਾਨ ਅਤੇ ਮਾਲ ਦੀ ਰਾਖੀ ਕੀਤੀ ਤੇ ਕੇਰਲਾ ਵਿਚ ਇਹ ਸੀ. ਪੀ. ਆਈ (ਐਮ) ਹੀ ਹੈ ਜਿਹੜੀ ਇਕ ਪਾਸੇ ਆਰ. ਐਸ. ਐਸ ਦੀ ਕਟੜ ਹਿੰਦੂ ਵਿਚਾਰਧਾਰਾ ਅਤੇ ਕੇਰਲ ਕਾਂਗਰਸ ਅਤੇ ਮੁਸਲਮ ਲੀਗ ਦੀ ਇਸਾਈ ਅਤੇ

ਸਫਾ 40 ਤੇ


## ਸਭਨਾਂ ਨੂੰ ਵਿਸਾਖੀ ਦੀ ਵਧਾਈ ਹੋਵੇ

蔡龍昆西醫

**DR. L. K. CHUA** M.D.

***FAMILY PHYSICIAN***

Phone: 324-3511
24 Hours

#207 - 190 East 48th Ave.,
(Corner of Main St.)
Vancouver, B.C. V5W 2C8

## A.I. T.V. & STEREO LTD.

4775 Main St.
Vancouver, BC
876-5827

8130 Westminster
Richmond, B.C.
278-3261

**NEW AUDIO TAPES**
**ECHOES**
Jagjit & Chitra
**PURANE FILMI NAGME**
Vipin & Vandana Bajpai
**INTEZAR**
Harendra Khurana
**SAAHIL**
Mitalee Mukherjee
**40 NON STOP SIZZLING HITS**
**THE FABULOUS YEARS**
1946 - 1956 - 2 vols.
**AAP KI NAZAR**
Nishi Kant Bali
**HOMEBOUND**
Instrumental
**AAH...**
Alisha



*AMITABH AS 'DEVAA'*

**NEW ON VIDEO TAPE**
WAJID ALI SHAH - Mujra's
THE LEGEND'S - Ghazals
MAARO LINE TO TABIYAT FINE
INDIAN CLASSICAL VOCAL MUSIC
CLASSICALINSTRUMENTAL

VIDEO CONVERSION PAL TO NTSC & Vice Versa

HIGH SPEED DUPLICATION OF AUDIO WHILE YOU WAIT

**AMITABH'S UNRELEASED GLORIOUS HITS ON VIDEO**


# ਸੰਸਾਰ ਅਮਨ ਦੀ ਜਿੱਤ ਸਾਮਰਾਜ ਦੀ ਹਾਰ ਹੈ




ਸਫ਼ਾ 25 ਤੋਂ

ਮੁਸਲਮ ਫਿਰਕਾਪ੍ਰਸਤੀ ਨਾਲ ਲੋਹਾ ਲੈ ਰਹੀ ਹੈ।

ਜੇ ਜਦੋਂ ਸਰਾਫਵਾਦੀ ਸੀ. ਪੀ. ਆਈ (ਐਮ) ਉਤੇ ਭਾਰਤ ਦੇ ਰਾਜ ਨੂੰ 'ਧਰਮ ਨਿਰਪੱਖ' ਆਖਣ ਦਾ ਇਲਜ਼ਾਮ ਲਾਉਂਦੇ ਹਨ ਤਾਂ ਉਹ ਆਪਣੇ ਕਿਹੜੇ ਮਾਲਕਾਂ ਦੀ ਸੇਵਾ ਲਈ ਅਜਿਹਾ ਕਰਦੇ ਹਨ, ਇਹ ਹਰ ਕੋਈ ਸਮਝ ਸਕਦਾ ਹੈ।

ਸਰ ਫਵਾਦੀਆਂ ਦੀ ਇਹ 'ਖੋਜ' ਕਿ ਸੀ. ਪੀ. ਆਈ (ਐਮ) ਬਾਕੀ ਵਿਰੋਧੀ ਪਾਰਟੀਆਂ ਸਣੇ ਪੰਜਾਬ ਮਸਲੇ ਦੇ ਹੱਲ ਲਈ ਕੇਂਦਰੀ ਸਰਕਾਰ ਦੀ ਹਥਿਆਰ-ਬੰਦ ਜਬਰ ਦੀ ਨੀਤੀ ਦੀ ਹਮਾਇਤ ਕਰ ਰਹੀ ਹੈ। ਇੰਨੀ ਸਤਹੀ ਅਤੇ ਘਟੀਆ ਹੈ ਕਿ ਇਸਦਾ ਜਵਾਬ ਦੇਣਾ ਵੀ ਨਹੀਂ ਬਣਦਾ।


## ਬੰਬੇ ਸਵੀਟਸ ਮੈਨੂਫੈਕਚਰਰ ਇਨਕ

ਮਠਿਆਈਆਂ ਦੀ ਸਭ ਤੋਂ ਵੱਡੀ ਦੁਕਾਨ!

**BOMBAY SWEETS MANUFACTURER INC.**

6556 —6560 MAIN (at 49th.Ave.)
VANCOUVER, B.C. V5X 3G9
Tel. (604) 321-1414
Or 874-5722
CONTACT:
**NARESH SHUKLA & BROS.**

$2.⁹⁹ / ਪੌਂਡ ਵਾਲੀਆਂ ਜਲੇਬੀਆਂ $1.⁴⁹

$2.⁵⁰ / ਪੌਂਡ ਵਾਲੇ ਲੱਡੂ $1.⁷⁵







*April 25 Assembly Site*




ਜਲ੍ਹਿਆਂਵਾਲਾ ਦਏ ਆਵਾਜ਼
ਦੇਸ਼ ਦਾ ਦੁਸ਼ਮਣ ਵੱਖਵਾਦ
ਦੇਸ਼ ਦਾ ਦੁਸ਼ਮਣ ਸਾਮਰਾਜ


NON-SMOKERS & SMOKERS
TOGETHER WE ARE STRONGER
NORTH AMERICAN LIFE
Permanent & Terms Plan

- Life and Group Insurance
- Retirement & Pension Plans
- Company Pension and Health Benefit Plans
- Estate Protection
- Business & Mortgage Insurance



SUDESH KALIA

Ph. 685-9335

Ste. 320,
815 W. Hastings,
Vancouver, B.C. V6C 2W1

ਸਭਨੂੰ ਵਿਸਾਖੀ ਦੀ ਲੱਖ ਲੱਖ ਵਧਾਈ ਹੋਵੇ

# ਮਾਨ ਮਿਊਜ਼ਿਕ ਐਂਡ ਫੋਟੋ ਸਟੂਡੀਓ

● ਪੰਜਾਬੀ,ਹਿੰਦੀ,ਉਰਦੂ ਵੀਡੀਓ ਮੂਵੀਆਂ ਵਧੀਆ ਪ੍ਰਿੰਟਾਂ ਵਿਚ ਸਾਫ ਅਤੇ ਸੁੰਦਰ ਰੰਗਾਂ ਵਿਚ ਸਾਡੇ ਕੋਲੋਂ ਖਰੀਦਨ ਲਈ ਮਾਨ ਮਿਊਜ਼ਿਕ ਤੇ ਦਰਸ਼ਨ ਦਿਓ।

● ਹਿੰਦੀ,ਪੰਜਾਬੀ,ਉਰਦੂ ਗਾਣਿਆਂ ਦੀਆਂ ਟੇਪਾਂ ਵਧੀਆ ਕੁਆਇਲਟੀ ਦੀਆਂ ਟੇਪਾਂ ਵਿਚ ਖਰੀਦਨ ਲਈ ਮਾਨ ਮਿਊਜ਼ਿਕ ਤੇ ਦਰਸ਼ਨ ਦਿਓ।

● ਵਿਆਹ ਅਤੇ ਹੋਰ ਸਮਾਗਮ ਦੀਆਂ ਮੂਵੀਆਂ ਅਤੇ ਫੋਟੋਆਂ ਖਿਚਵਾਉਣ ਲਈ,ਵਧੀਆ ਰੀਕਾਰਡਿੰਗ ਲਈ ਹਮੇਸ਼ਾ ਮਾਨ ਮਿਊਜ਼ਿਕ ਨੂੰ ਚੇਤੇ ਰੱਖੋ।

ਤੁਸੀਂ ਆਪਣੀ ਮਨਪਸੰਦ ਦੀਆਂ ਗੀਤਾਂ ਦੀਆਂ ਟੇਪਾਂ ਭਰਵਾਉਣ ਲਈ ਮਾਨ ਮਿਊਜ਼ਿਕ ਦੀ ਸੇਵਾ ਪ੍ਰਾਪਤ ਕਰੋ

## 6512 ਮੇਨ ਸਟਰੀਟ ਵੈਨਕੂਵਰ

## ਟੈਲੀਫੋਨ:321-6667

# ਕੈਨੇਡਾ ਦਾ ਦੁਆਈਆਂ ਬਾਰੇ ਮਾਰੂਬਿੱਲ—(ਪੇਟੈਂਟ ਐਕਟ) ਅਜਾਰੇਦਾਰਾਂ ਨੂੰ ਮੁਨਾਫਿਆਂ ਦੀ ਖੁੱਲ੍ਹ

ਗੁਰਨਾਮ ਸਿੰਘ ਸੰਘੇੜਾ

ਦੁਆਈਆਂ ਦੀਆਂ ਅਜਾਰੇਦਾਰ ਕੰਪਨੀਆਂ ਅਤੇ ਅਮਰੀਕੀ ਪ੍ਰਧਾਨ ਰੇਗਨ ਦੇ ਅਮਲੇ ਫੈਲੇ ਦੇ ਲੰਮੇ ਸਮੇਂ ਤੋਂ ਦਬਾਅ (ਲੌਬੀ) ਅਧੀਨ ਧਨੀਆਂ ਦੀ ਚਾਹੇਤੀ (ਮਲਰੂਨੀ) ਟਰੀ ਸਰਕਾਰ ਨੇ ਨਾਮਵਰ ਮੁਨਾਫੇਖੋਰਾਂ ਦੀਆਂ ਦਵਾਈਆਂ .(ਤੇ ਟੇਡੇ ਢੰਗ ਨਾਲ ਉਨ੍ਹਾਂ ਦੇ ਮੁਨਾਫੇ ਦੀ ਰਾਖੀ ਲਈ) ਦੇ ਰਾਖਵੇਂ ਹੱਕਾਂ ਦੀ ਰਾਖੀ ਲਈ ਰਾਖਵੇਂ ਹੱਕਾਂ ਦਾ ਬਿੱਲ (ਪੇਟੈਂਟ ਐਕਟ) ਪੇਸ਼ ਕੀਤਾ ਹੋਇਆ ਹੈ ਅਤੇ ਲੋਕਾਂ ਦੀ ਆਵਾਜ਼ ਨੂੰ ਕੁਚਲਦੇ ਹੋਏ ਅਤੇ ਗਰੀਬਾਂ ਤੇ ਉਨ੍ਹਾਂ ਦੀ ਸਿਹਤ ਦਾ ਬਲੀਦਾਨ ਦਿੰਦੇ ਹੋਏ,ਇਸ ਲੋਕ ਵਿਰੋਧੀ ਸਰਕਾਰ ਨੇ ਇਸ ਬਿੱਲ ਨੂੰ ਝਟਾਝਟ ਕਾਨੂੰਨ ਦਾ ਫੈਸਲਾ ਕੀਤਾ ਹੋਇਆ ਹੈ। ਅਸੀਂ ਅੱਗੇ ਚਲ ਕੇ ਵੇਖਾਂਗੇ ਕਿ ਇਹ ਕਾਨੂੰਨ ਕੀ ਕਾਰੇ ਕਰੇਗਾ ਅਤੇ ਬਜ਼ੁਰਗਾਂ,ਬੱਚਿਆਂ,ਗਰੀਬਾਂ,ਸਿੰਗਲ ਮਾਵਾਂ ਅਤੇ ਘੱਟ ਤਨਖਾਹ ਵਾਲੇ ਲੋਕਾਂ ਦੀ ਕਿਹੋ ਜਿਹੀ ਦੁਰਦਸ਼ਾ ਕਰੇਗਾ।

**ਅੰਤਰ—ਰਾਸ਼ਟਰੀ:**—ਆਮ ਤੌਰ ਤੇ ਇਹ ਤਾਂ ਜਾਣਿਆ ਜਾਂਦਾ ਹੈ ਕਿ ਮਾਰੂ ਤੇ ਸਰਬਨਾਸੀ ਹਥਿਆਰਾਂ ਤੋਂ ਅਥਾਹ ਮੁਨਾਫੇ ਹਨ ਅਤੇ ਇਹ ਅੰਤਰ-ਰਾਸ਼ਟਰੀ ਤੌਰ ਤੇ ਕਿਵੇਂ ਸੰਬੰਧਤ ਹਨ। ਪਰ ਆਮ ਲੋਕਾਂ ਨੂੰ ਦੁਆਈਆਂ ਬਣਾਉਣ ਵਾਲੀਆਂ ਕੰਪਨੀਆਂ,ਉਨ੍ਹਾਂ ਵਲੋਂ ਲੌਬੀ ਅਤੇ ਮੁਨਾਫੇ ਆਦਿ ਬਾਰੇ ਜ਼ਿਆਦਾ ਗਿਆਨ ਨਹੀਂ। ਦੁਆਈਆਂ ਦੀਆਂ ਅਜਾਰੇਦਾਰ ਕੰਪਨੀਆਂ ਬਹੁਤ ਸੰਗਠਤ,ਅੰਤਰ ਸੰਬੰਧਤ ਅਤੇ ਅੰਤਰ—ਰਾਸ਼ਟਰੀ ਪੱਧਰ ਤੇ ਇਕ ਕੇਂਦਰ ਤੋਂ ਕੰਮ ਕਰਦੀਆਂ ਹਨ। ਇਹ ਕੰਪਨੀਆਂ ਦੁਆਈਆਂ ਰਾਹੀਂ ਹਥਿਆਰਾਂ ਤੋਂ ਵੀ ਕਿਤੇ ਵੱਧ ਮੁਨਾਫਾ ਕਮਾਉਂਦੀਆਂ ਹਨ **ਹੁਣ ਇਸ ਨਵੇਂ ਬਿੱਲ ਦੇ ਐਕਟ ਬਣਨ ਨਾਲ ਨਾਮਵਰ ਦੁਆਈਆਂ ਦੀ ਕੀਮਤ ਕਈ ਸੌ ਗੁਣਾ ਵਧਣੀ ਹੈ ਕਿਉਂਕਿ ਉਸ ਦੁਆਈ ਦੀ ਨਕਲ (ਕਾਪੀ ਬਣਾਉਣ ਦੀ (ਦਸਾਂ ਸਾਲਾਂ) ਲਈ ਖੁੱਲ੍ਹ ਨਹੀਂ ਹੋਵੇਗੀ।** ਨਕਲ ਬਣਾਉਣ ਨਾਲ ਮੁਕਾਬਲਾ ਹੁੰਦਾ ਹੈ ਅਤੇ ਕੀਮਤ ਕਈ ਸੌ ਫੀ ਸਦੀ ਘੱਟ ਹੁੰਦੀ ਹੈ ਪਰ ਦੁਆਈ ਦੇ ਸਟੈਂਡਰਡ ਵਿਚ ਕੋਈ ਫਰਕ ਨਹੀਂ। ਦੁਆਈਆਂ ਬਣਾਉਣ ਦੇ ਖੇਤਰ ਵਿਚ ਅਮਰੀਕੀ,ਬਰਤਾਨਵੀ,ਜਰਮਨ, ਫਰਾਂਸੀਸੀ ਅਤੇ ਸਵਿਟਜ਼ਰਲੈਂਡ ਦੀਆਂ ਬਹੁ—ਕੌਮੀ ਕਾਰਪੋਰੇਸ਼ਨਾਂ ਦਾ ਕਬਜ਼ਾ ਹੈ। ਪਰ ਇਨ੍ਹਾਂ ਵਿਚੋਂ ਅਮਰੀਕਾ ਅਤੇ ਸਵਿਟਜ਼ਰਲੈਂਡ ਦੀਆਂ ਅਜਾਰੇਦਾਰ ਕੰਪਨੀਆਂ ਦੁਆਈਆਂ ਵਿਚ ਭਾਰੂ ਤੇ ਅੰਤਰ—ਰਾਸ਼ਟਰੀ ਹਨ।

**ਸੋਧ:ਲੌਬੀ:**—ਇਨ੍ਹਾਂ ਬਹੁ-ਕੌਮੀ ਕਾਰਪੋਰੇਸ਼ਨਾਂ ਦੇ ਵਾਧੇ ਦੇ ਕਈ ਕਾਰਨ ਹਨ ਜਿਵੇਂ ਲਾਇਸੈਂਸ ਸੰਧੀਨਾਮੇ,ਵਾਪਾਰਕ ਨਾਤੇ,ਮਾਲਕੀ ਸੰਬੰਧ ਅਤੇ ਅੰਤਰ-ਰਾਸ਼ਟਰੀ ਤੇ ਕੌਮੀ ਰਾਖਵੇਂ ਹੱਕਾਂ ਦੇ ਕਾਨੂੰਨ। 1960 ਵਿਆਂ ਵਿਚ ਕਈ ਦੇਸ਼ਾਂ ਨੇ ਰਾਖਵੇਂ ਹੱਕਾਂ ਦੇ ਕਾਨੂੰਨਾਂ ਅਤੇ ਉਨ੍ਹਾਂ ਦੇ ਕਾਰਨ ਹੋ ਰਹੇ ਅਥਾਹ ਮੁਨਾਫਿਆਂ ਦੀ ਪੜਤਾਲ ਕੀਤੀ। ਉਸ ਸਮੇਂ ਤੇ ਅੱਜ ਭੀ ਕਈ ਦੇਸ਼ਾਂ ਵਿਚ ਨਾਮਵਰ ਦੁਆਈ ਦੇ ਬਣਨ ਤੋਂ ਸਤਾਰਾਂ ਸਾਲ ਪਿਛੋਂ ਹੀ ਨਕਲ ਕਰਨ ਦੀ ਇਜ਼ਾਜ਼ਤ ਹੈ। ਪਰ ਕੈਨੇਡਾ ਵਿਚ ਲੋਕਾਂ ਦੇ ਦਬਾਅ ਅਧੀਨ ਇਸ ਰਾਖਵੇਂ ਹੱਕ ਨੂੰ ਖਤਮ ਕਰਨ ਅਤੇ ਦੁਆਈਆਂ ਦੀ ਨਕਲ ਕਰਨ ਦੀ ਖੁੱਲ੍ਹ ਦੇਣ ਲਈ ਤਿੰਨ ਕਮਿਸ਼ਨ ਬਣੇ ਜਿਵੇਂ 1963 ਵਿਚ ਰਿਸਟਰੇਕਟਿਵ ਟਰੇਡ ਪ੍ਰੈਕਟਿਸਜ਼ ਕਮਿਸ਼ਨ;1965 ਵਿਚ ਹੈਲਥ ਕੇਅਰ ਸੰਬੰਧੀ "ਹਾਲ ਕਮਿਸ਼ਨ"ਅਤੇ 1966 ਵਿਚ ਦੁਆਈਆਂ ਦੀਆਂ ਕੀਮਤਾਂ ਸੰਬੰਧੀ "ਹਾਰਲੇ ਕਮੇਟੀ"ਪਹਿਲੇ ਦੋ ਕਮਿਸ਼ਨਾਂ ਨੇ ਤਾਂ ਇਹ ਸਿਫਾਰਸ਼ ਕੀਤੀ ਕਿ ਅਜਾਰੇਦਾਰਾਂ ਲਈ ਲਾਹੇਵੰਦ "ਰਾਖਵੇਂ ਹੱਕਾਂ ਦਾ ਐਕਟ"ਬਿਲਕੁਲ ਖਤਮ ਕੀਤਾ ਜਾਏ ਕਿਉਂਕਿ ਇਸ ਨਾਲ ਕੈਨੇਡਾ ਵਿਚ ਦੁਆਈਆਂ ਦੀਆਂ ਕੀਮਤਾਂ ਬਹੁਤ ਹਨ। ਪਰ "ਹਾਰਲੇ ਕਮੇਟੀ"ਨੇ ਆਖਿਆ ਕਿ "ਰਾਖਵੇਂ ਹੱਕਾਂ ਦਾ ਐਕਟ"ਸੋਧਿਆ ਜਾਵੇ ਅਤੇ ਦੁਆਈਆਂ ਦੀ ਨਕਲ ਕਰਨ ਦੀ ਖੁੱਲ੍ਹ ਹੋਵੇ ਪਰ ਅਸਲੀ ਨਾਮਵਰ ਦੁਆਈ (ਜਿਸਦੀ ਨਕਲ ਕਰਨੀ ਹੈ) ਬਣਾਉਣ ਵਾਲੀ ਕੰਪਨੀ ਨੂੰ ਹੱਕ ਮਾਲਕੀ ਦੀ ਵਰਤੋਂ ਦੇ ਇਵਜ਼ ਵਜੋਂ ਚਾਰ ਫੀ ਸਦੀ ਇਵਜਾਨਾ ਦਿਤਾ ਜਾਵੇ। ਰਾਖਵੇਂ ਹੱਕ ਨੂੰ ਤੋੜਨ ਲਈ,ਉਸ ਸਮੇਂ ਆਵਾਜ਼ ਉਠੀ ਜਦੋਂ ਅਮਰੀਕਾ ਵਿਚ ਟੈਨੇਸੀ ਦੇ ਸੈਨੇਟਰ ਨੇ ਅਜਾਰੇਦਾਰ ਦੁਆਈ ਕੰਪਨੀਆਂ ਦੀਆਂ ਧਾਂਦਲੀਆਂ ਤੇ ਅੰਨ੍ਹੀ ਲੁੱਟ ਨੰਗੀ ਕੀਤੀ। ਕੈਨੇਡਾ ਵਿਚ ਲਿਬਰਲ ਐਮ.ਪੀ. ਹੈਰੀ ਹਾਰਲੇ ਦੀ ਕਮੇਟੀ ਨੇ ਇਹ ਸਾਬਤ ਕੀਤਾ ਕਿ ਦੁਆਈਆਂ ਦੇ ਖੇਤਰ ਵਿਚ ਕੈਨੇਡਾ ਦੇ ਲੋਕ ਬਾਕੀ ਦੇਸ਼ਾਂ ਦੇ ਲੋਕਾਂ ਨਾਲੋਂ ਪਝੱਤਰ(75) ਫੀ ਸਦੀ ਵਧ ਕੀਮਤਾਂ ਤਾਰਦੇ ਹਨ। ਸੋ 1969 ਵਿਚ ਪੇਟੈਂਟ ਐਕਟ (ਰਾਖਵੇਂ ਹੱਕਾਂ ਦਾ ਕਾਨੂੰਨ) ਦੇ 41-4 ਸੈਕਸ਼ਨ ਵਿਚ ਸੋਧ ਦਾ ਕਾਨੂੰਨ ਕਰ ਦਿਤਾ ਜਿਸ ਨਾਲ "ਕਮਪਸਰੀ ਲਾਈਸੈਂਸਿੰਗ" ਦੇ ਅਧੀਨ ਕੋਈ ਭੀ ਦੂਜੀ ਕੰਪਨੀ ਕਿਸੇ ਹੋਰ ਕੰਪਨੀ ਦੀ ਅਸਲੀ ਦੁਆਈ ਦੀ ਨਕਲ ਕਰਨ ਜਾਂ ਬਾਹਰੋਂ ਕੈਨੇਡਾ ਵਿਚ ਮੰਗਵਾਉਣ (ਇੰਮਪੋਰਟ) ਕਰਨ ਲਈ ਅਰਜ਼ੀ ਦੇ ਸਕਦੀ ਅਤੇ ਮਨਜ਼ੂਰੀ ਮਿਲ ਸਕਦੀ ਹੈ ਤੇ ਉਸ ਸਮੇਂ ਤੋਂ ਹੁਣ ਤੱਕ ਮਿਲਦੀ ਰਹੀ ਹੈ। ਇਸ ਵਿਰੁਧ ਅਜਾਰੇਦਾਰਾਂ ਦੀ ਦੁਆਈਆਂ ਬਣਾਉਣ ਵਾਲਿਆਂ ਦੀ ਐਸੋਸ਼ੀਏਸ਼ਨ ਨੇ ਬੜੀ ਲੌਬੀ ਤੇ ਪ੍ਰਚਾਰ ਕੀਤਾ ਜਿਵੇਂ ਕਿ ਨਕਲ ਕੀਤੀਆਂ "ਦਵਾਈਆਂ ਸਿਹਤ ਲਈ ਹਾਨੀਕਾਰਕ ਹੋਣਗੀਆਂ ਅਤੇ ਉਨ੍ਹਾਂ ਦੁਆਈਆਂ ਦੇ ਕਾਰਨ ਹਜ਼ਾਰਾਂ ਦੇ ਹਿਸਾਬ ਨਾਲ ਲੋਕ ਮਰਨਗੇ—।"ਅਜਾਰੇਦਾਰਾਂ ਨੇ ਦਬਕਾ ਮਾਰਿਆ ਕਿ ਉਹ ਕੈਨੇਡਾ ਵਿਚ ਖੋਜ ਬੰਦ ਕਰ ਦੇਣਗੇ। ਪਰ ਅਸਲੀਅਤ ਇਹ ਹੈ ਕਿ ਇਹ ਅਜਾਰੇਦਾਰ ਕੰਪਨੀਆਂ,ਅਸਲੀ ਬੁਨਿਆਦੀ ਖੋਜ ਕੈਨੇਡਾ ਵਿਚ ਤਾਂ ਕਰਦੇ ਹੀ ਨਹੀਂ ਸਨ ਤੇ ਨਾ ਹੁਣ ਹੀ ਕਰ ਰਹੇ ਹਨ। ਅੱਗੇ ਤੋਂ ਵੀ ਨਹੀਂ ਕਰਨਗੇ ਕਿਉਂਕਿ ਇਕ ਕੇਂਦਰ ਤੇ ਖੋਜ ਕਰਕੇ ਦੁਆਈ ਬਣਾਉਣੀ ਸਸਤੀ ਪੈਂਦੀ ਹੈ। ਕੈਨੇਡਾ ਵਿਚ ਤਾਂ ਸਿਰਫ ਕਾਨੂੰਨੀ ਨਿਯਮਾਂ ਦੀ ਪਾਲਣਾ ਕਰਨ ਲਈ ਸਿਰਫ ਸੇਫਟੀ ਲਈ "ਕਲਿਨੀਕਲ ਟੈਸਟ"ਕਰਦੇ ਹਨ ਅਤੇ ਅੱਗੇ ਨੂੰ ਵੀ ਇਸ ਤਰ੍ਹਾਂ ਹੀ ਹੋਣਾ ਹੈ ਭਾਵੇਂ ਵਾਅਦਾ ਕੋਈ ਵੀ ਕਰੀ ਜਾਣ।

**ਕੀਮਤਾਂ:**—ਕੈਨੇਡਾ ਵਿਚ 95 ਫੀਸਦੀ ਦੁਆਈਆਂ ਦੇ ਰਾਖਵੇਂ ਹੱਕ (ਪੇਟੈਂਟ ਐਕਟ) ਬਦੇਸ਼ੀ ਅਜਾਰੇਦਾਰ ਕੰਪਨੀਆਂ ਪਾਸ ਹਨ। ਪਰ ਨਕਲ ਕਰਕੇ ਦੁਆਈ ਬਣਾਉਣ ਵਾਲੀਆਂ ਕੰਪਨੀਆਂ ਕੈਨੇਡਾ ਦੀਆਂ ਹਨ ਅਤੇ ਨਕਲ ਕਰਨ ਨਾਲ ਅਸਲੀ ਦੁਆਈ ਨਾਲ ਮੁਕਾਬਲਾ ਹੁੰਦਾ ਹੈ ਜਿਸ ਕਰਕੇ ਦੁਆਈਆਂ ਦੀ ਕੀਮਤ ਹੋਰ ਵੀ ਡਿੱਗ ਜਾਂਦੀ ਹੈ ਜਿਸਦਾ ਆਮ ਲੋਕਾਂ ਨੂੰ ਲਾਭ ਹੁੰਦਾ ਹੈ। ਖੋਜ ਨੇ ਇਹ ਵੀ ਸਿੱਧ ਕੀਤਾ ਕਿ 1969 ਵਿਚ ਨਕਲ ਕਰਨ ਦੀ ਖੁਲ੍ਹ ਤੋਂ ਪਹਿਲਾਂ ਅਮਰੀਕਾ ਨਾਲੋਂ ਕੈਨੇਡਾ ਵਿਚ 9 (ਨੌਂ) ਫੀਸਦੀ ਵਧ ਕੀਮਤਾਂ ਸਨ ਪਰ ਇਸਤੋਂ ਪਿਛੋਂ 1976 ਵਿਚ ਅਮਰੀਕਾ ਨਾਲੋਂ ਕੈਨੇਡਾ ਵਿਚ 21 (ਇੱਕੀ) ਫੀਸਦੀ ਘੱਟ ਸਨ। ਇਸ ਖੋਜ ਨੇ ਇਹ ਵੀ ਦੱਸਿਆ ਕਿ 1979 ਤੋਂ 1982 ਤੱਕ ਦੁਆਈਆਂ ਦੀਆਂ ਕੀਮਤਾਂ ਵਿਚ ਕੋਈ ਸਾਢੇ ਪੰਜ ਫੀਸਦੀ ਵਾਧਾ ਹੋਇਆ ਜਦੋਂ ਕਿ ਰਾਖਵੇਂ ਹੱਕਾਂ ਵਾਲੀਆਂ ਪੇਟੈਂਟ ਦੁਆਈਆਂ ਜਿਨ੍ਹਾਂ ਦੀ ਨਕਲ ਨਹੀਂ ਬਣੀ,ਉਨ੍ਹਾਂ ਦੀਆਂ ਸਾਢੇ ਬਤਾਲੀ ਤੋਂ ਕੋਈ ਚੌਂਟ (64.4) ਫੀਸਦੀ ਕੀਮਤਾਂ ਵਧੀਆਂ। ਸੋ ਅੰਦਾਜ਼ਾ ਲਾਉ ਕਿ ਜੇਕਰ ਦਸ ਸਾਲ ਲਈ ਨਕਲ ਕਰਨ ਦੀ ਬੰਦਸ਼ ਹੋਵੇ ਤਾਂ ਫਿਰ ਮਨਮਰਜ਼ੀ ਦੀਆਂ ਕੀਮਤਾਂ ਲਾਉਣ ਦੀ ਖੁੱਲ੍ਹ ਹੋਵੇਗੀ। 1983 ਵਿਚ ਇਕ ਸਰਵੇ ਹੋਇਆ ਜਿਸ ਅਨੁਸਾਰ ਅਮਰੀਕਾ ਵਿਚ ਸਭ ਤੋਂ ਵੱਧ ਕੀਮਤਾਂ ਸਨ ਤੇ ਵਧੀਆਂ ਅਤੇ ਕੈਨੇਡਾ ਵਿਚ (ਬਾਕੀ ਦੇਸ਼ਾਂ ਦੇ ਮੁਕਾਬਲੇ ਤੇ) ਜ਼ਿਆਦਾ ਵਾਧਾ ਨਹੀਂ ਸੀ। ਹੁਣ ਪੇਟੈਂਟ ਐਕਟ ਵਿਚ ਸੋਧ ਕਰਾਉਣ ਲਈ ਇਥੇ ਤੇ ਅਮਰੀਕਾ ਦੇ ਅਜਾਰੇਦਾਰਾਂ ਦਾ ਜ਼ੋਰ ਲੱਗਾ ਹੋਇਆ ਹੈ। ਅਮਰੀਕੀ ਪ੍ਰਧਾਨ ਰੇਗਨ ਦੇ ਪ੍ਰਬੰਧੀ ਟੋਲੇ ਨੇ ਕੈਨੇਡੀਅਨ ਅੰਬੈਸਡਰ ਐਲਨ ਗੋਟਲੀਅਬ ਨੂੰ ਆਖਿਆ ਕਿ ਤੁਹਾਡਾ ਸੋਧਿਆ ਹੋਇਆ ਰਾਖਵੇਂ ਹੱਕਾਂ ਦਾ ਐਕਟ (ਜੋ ਦਵਾਈ ਨਕਲ ਦੀ ਖੁੱਲ੍ਹ ਦਿੰਦਾ ਹੈ) ਅਮਰੀਕਾ ਨੂੰ ਭਾਉਂਦਾ ਨਹੀਂ ਅਤੇ ਇਹ ਉਨ੍ਹਾ ਹੀ ਗਲਤ ਲਗਦਾ ਹੈ ਜਿੰਨਾ ਕੈਨੇਡਾ ਦਾ "ਕੌਮੀ ਐਨਰਜ਼ੀ ਪਰੋਗਰਾਮ"। **ਹੁਣ ਪੇਟੈਂਟ ਐਕਟ ਵਿਚ ਸੋਧ ਕਰਨ ਨਾਲ ਅਸਲੀ ਦੁਆਈ ਦੇ ਬਣਨ ਤੋਂ ਦਸ ਸਾਲ ਪਿਛੋਂ ਨਕਲ ਬਣਾਉਣ ਦੀ ਇਜ਼ਾਜ਼ਤ ਹੋਵੇ (ਅਤੇ ਬਣਾਉਣ ਲਈ ਵੀ ਸੱਤ ਕੁ ਸਾਲ ਲੱਗ ਜਾਂਦੇ ਹਨ।** ਸੋ ਇਸ ਤਰ੍ਹਾਂ ਟੋਟਲ 17 ਸਾਲ ਪਿਛੋਂ ਨਕਲ

ਬਣਾ ਕੇ ਮਾਰਕੀਟ ਵਿਚ ਆਏਗੀ ਜਦ ਤੱਕ ਹੋਰ ਨਵੀਂ ਦੁਆਈ ਬਣ ਜਾਏਗੀ ਤੇ ਅਜਾਰੇਦਾਰ ਕੰਪਨੀ ਨੇ ਕਰੋੜਾਂ ਡਾਲਰ ਹੋਰ ਮੁਨਾਫਾ ਕਮਾ ਲਿਆ ਹੋਵੇਗਾ।

**ਕੀਮਤ ਕੰਟਰੋਲ:**—ਨਹੀਂ ਸਰਕਾਰ ਆਖਦੀ ਹੈ ਕਿ ਦੁਆਈ ਦੀਆਂ ਕੀਮਤਾਂ ਤੇ ਕੰਟਰੋਲ ਰੱਖਣ ਲਈ "ਕੀਮਤ ਰੀਵੀਊ ਬੋਰਡ"ਹੋਵੇਗਾ। ਪਰ ਮਾਹਰਾਂ ਦੀ ਆਪਣੀ ਖੋਜ ਅਤੇ ਅਮਲ ਦੇ ਆਧਾਰ ਤੇ ਠੋਸ ਰਾਇ ਹੈ ਕਿ ਕੀਮਤਾਂ ਉਪਰ ਕੰਟਰੋਲ ਨਹੀਂ ਹੋ ਸਕਦਾ ਕਿਉਂਕਿ ਮੁਨਾਫੇ ਕਮਾਉਣ ਵਾਲੀ ਆਰਥਿਕਤਾ ਵਿਚ ਇਹ ਆਖਣਾ ਹੀ ਗਲਤ ਹੈ। ਬਰਤਾਨੀਆਂ ਵਿਚ ਨੈਸ਼ਨਲ ਹੈਲਥ ਸਰਵਿਸ ਦੇ ਅਧੀਨ ਹੈਲਥ ਅਤੇ ਸਰਵਿਸ ਮਹਿਕਮਾ ਦੁਆਈ ਕੀਮਤਾਂ ਉਪਰ ਬਿਲਕੁਲ ਕੰਟਰੋਲ ਨਹੀਂ ਰੱਖ ਸਕਿਆ। ਅੱਗੇ ਕੀਮਤਾਂ ਤੇ ਆਮਦਨ ਪਾਲਸੀ ਦੇ ਅਧੀਨ ਵੀ ਬਰਤਾਨੀਆਂ ਤੇ ਕੈਨੇਡਾ ਵਿਚ ਸਾਰੀ ਸਕੀਮ ਅਸਫਲ ਰਹੀ। ਨਕਲੀ ਬਣਾਉਣ ਨਾਲ ਦੁਆਈ ਸਸਤੀ ਪੈਂਦੀ ਹੈ ਪਰ ਦੁਆਈ ਦੇ ਅੰਸ਼ ਤੇ ਅਸਰ ਅਸਲੀ ਵਾਲੇ ਹੁੰਦੇ ਹਨ ਪਰ ਨਾਮ ਅਸਲ ਨਾਮ ਤੋਂ ਵੱਖਰਾ ਰੱਖਣਾ ਪੈਂਦਾ ਹੈ। ਸਸਤੀ ਦੁਆਈ ਦਾ ਗਰੀਬਾਂ,ਬੇ-ਰੋਜ਼ਗਾਰਾਂ,ਬਜ਼ੁਰਗਾਂ,ਬੱਚਿਆਂ ਆਦਿ ਨੂੰ ਬਹੁਤ ਲਾਭ ਹੈ। ਅਸਲੀ ਨਾਮ ਵਾਲੀ ਅਜਾਰੇਦਾਰ ਕੰਪਨੀ ਦੀ ਦੁਆਈ ਬਹੁਤ ਹੀ ਮਹਿੰਗੀ। ਸੋ ਜੇ ਇਨ੍ਹਾਂ ਦਾ ਫਰਕ ਵੇਖੀਏ (ਭਾਵੇਂ ਕਿ ਨਕਲ ਦੇ ਮੁਕਾਬਲੇ ਦੇ ਕਾਰਨ ਪੇਟੈਂਟ ਦੁਆਈ ਦੀ ਕੀਮਤ ਵੀ ਅਮਰੀਕਾ ਨਾਲੋਂ ਬਹੁਤ ਘੱਟ ਹੈ ਪਰ ਫਿਰ ਵੀ ) ਤਾਂ ਕੈਨੇਡਾ ਦੇ ਬੀਮਾਰਾਂ ਨੂੰ ਨਕਲੀ ਬਣਨ ਦੇ ਕਾਰਨ ਵੀਹ (20) ਕਰੋੜ ਡਾਲਰ ਦੀ ਬੱਚਤ ਹੁੰਦੀ ਹੈ। ਇਸ ਨਕਲ ਕਰਕੇ ਹੀ ਸੂਬਾਈ ਸਰਕਾਰ ਦਾ ਮੈਡੀਕਲ ਬੱਜਟ ਘੱਟ ਹੈ। ਪਰ ਜੇ ਨਕਲ ਬੰਦ ਹੋ ਗਈ ਤਾਂ ਸੂਬਿਆਂ ਦਾ ਮੈਡੀਕਲ ਬੱਜਟ ਵਧੇਗਾ।

ਅਜਾਰੇਦਾਰਾਂ ਨੇ ਰੇਗਨ ਸ਼ਾਸ਼ਨ ਦੇ ਨਾਲ ਨਾਲ ਕੈਨੇਡਾ ਦੇ ਨੀਊਫਾਊਂਡਲੈਂਡ ਦੇ ਰਹਿ ਚੁੱਕੇ ਪ੍ਰੀਮੀਅਰ ਦੀ ਲੌਬੀ ਫਰਮ ਨੂੰ ਪੇਟੈਂਟ ਐਕਟ ਵਿਚ ਸੋਧ ਕਰਾਉਣ,ਦਸ ਸਾਲ ਤੱਕ ਨਕਲ ਬੰਦ ਕਰਾਉਣ ਲਈ ਭਾੜੇ ਤੇ ਕੀਤਾ ਹੈ। ਇਸ ਕਿੱਲ ਸੀ-22 ਦੀ ਤੀਜੀ ਰੀਡਿੰਗ ਅਪਰੈਲ 1987 ਵਿਚ ਹੋ ਰਹੀ ਹੈ। ਇਥੋਂ ਤੱਕ ਕਿ ਫੈਡਰਲ ਟੋਰੀ ਸਰਕਾਰ ਦੇ ਮੰਤਰੀ ਆਪ ਹੀ ਦੁਆਈ ਅਜਾਰੇਦਾਰਾਂ ਦੇ ਹੱਕ ਵਿਚ ਪ੍ਰਚਾਰ ਕਰ ਰਹੇ ਹਨ। ਟੋਰੀ ਸਰਕਾਰ ਆਖ ਰਹੀ ਹੈ ਕਿ ਖੋਜ ਰਾਹੀਂ ਅਸਲੀ ਪਹਿਲੀ ਦੁਆਈ ਬਣਾਉਣ ਵਾਲੇ ਨੂੰ ਪੂਰਾ ਲਾਭ ਚਾਹੀਦਾ ਹੈ। 1985 ਵਿਚ ਫੈਡਰਲ ਸਰਕਾਰੀ ਖੋਜ ਨੇ ਸਿੱਧ ਕੀਤਾ ਕਿ ਭਾਵੇਂ ਨਕਲ ਰਾਹੀਂ ਬਣਾਈਆਂ ਦੁਆਈਆਂ ਨਾਲ ਅਸਲੀ ਨੂੰ ਮੁਕਾਬਲਾ ਕਰਨਾ ਪੈਂਦਾ ਹੈ ਪਰ ਫਿਰ ਵੀ ਦੂਜੀ ਕਿਸੇ ਵੀ ਦਸਤਕਾਰੀ ਨਾਲੋਂ ਦੁਆਈ ਦਸਤਕਾਰੀ ਵਿਚ ਬਹੁਤ ਜ਼ਿਆਦਾ ਮੁਨਾਫਾ ਹੈ।

ਸੋ ਜੇ ਸੋਧ ਹੋ ਗਈ ਤਾਂ ਦੁਆਈਆਂ ਦੀਆਂ ਕੀਮਤਾਂ ਵਿਚ ਅਥਾਹ ਤੇ ਬੇ-ਤਹਾਸ਼ਾ ਵਾਧਾ ਹੋਵੇਗਾ। ਕੈਨੇਡਾ ਦੇ ਦੁਆਈਆਂ ਬਣਾਉਣ ਵਾਲਿਆਂ ਦੀ ਐਸੋਸੀਏਸ਼ਨ ਨੇ ਆਖਿਆ ਕਿ ਜੇ ਕਰ ਨਕਲ ਬਣਾਉਣ ਦੀ ਖੁੱਲ੍ਹ ਨਾ ਹੁੰਦੀ ਤਾਂ ਕੈਨੇਡਾ ਵਿਚ ਵੀ ਅਮਰੀਕਾ ਵਾਲੀਆਂ ਕੀਮਤਾਂ ਲਾਗੂ ਹੁੰਦੀਆਂ। ਤੇ ਜੇ ਇਹ ਨਕਲ ਬਣਾਉਣ ਤੇ ਦਸ ਸਾਲ ਤੋਂ ਪਹਿਲਾਂ ਬਦਾਉਣ ਤੇ ਪਾਬੰਦੀ ਲੱਗ ਗਈ ਤਾਂ ਘੱਟ ਤੋਂ ਘੱਟ ਪੰਜਾਹ (50) ਫੀਸਦੀ ਕੀਮਤ ਘੱਟ ਹੈ। ਸੋ 1987 ਵਿਚ ਪੇਟੈਂਟ ਐਕਟ ਵਿਚ ਸੋਧ ਨਾਲ ਦਸ ਸਾਲ ਤੋਂ ਪਹਿਲਾਂ ਨਕਲ ਨਾ ਹੋਣ ਦੇਣ ਦਾ ਨਤੀਜਾ ਹੋਵੇਗਾ ਕਿ ਦੁਆਈਆਂ ਦੀਆਂ ਕੀਮਤਾਂ ਅਮਰੀਕਾ ਦੀ ਪੱਧਰ ਤੇ ਜਾਣਗੀਆਂ ਜੋ ਬਹੁਤ ਜ਼ਿਆਦਾ ਹਨ। ਲਊ ਵੇਖੋ:—

(ਇਹ ਕੀਮਤਾਂ ਓਟਾਵਾ ਸਿਟੀਜ਼ਨ ਵਿਚੋਂ ਲਈਆਂ)

ਐਕਟ ਵਿਚ ਨਵੀਂ ਸੋਧ ਹੋਣ ਪਿਛੋਂ ਦੁਆਈਆਂ ਦੀਆਂ ਕੀਮਤਾਂ "ਕੈਨੇਡਾ ਵਿਚ ਨਕਲ ਦੀ ਕੀਮਤ"ਤੋਂ ਵਧ ਕੇ "ਅਮਰੀਕਾ ਵਿਚ ਬਰਾਂਡ ਦੀ ਕੀਮਤ" (ਖਾਨਾ ਨੰਬਰ ਪੰਜ) ਤੇ ਜਾ ਪੁਜਣੀਆਂ ਹਨ। ਸੋ ਹੁਣ ਸੰਭਲੋ।

ਸਰਕਾਰ ਆਖਦੀ ਹੈ ਕੀਮਤਾਂ ਨਹੀਂ ਚੜ੍ਹਨਗੀਆਂ ਪਰ ਨਾਲ ਹੀ ਆਖਦੀ ਹੈ ਕਿ ਬਰਾਂਡ ਕੰਪਨੀਆਂ ਤੇ ਖਰਚੇ ਤੇ ਜਾਇਜ਼ ਮੁਨਾਫੇ ਹੋਰ। ਉਸਦੇ ਨਾਲ ਹੀ ਸਰਕਾਰ ਆਪ ਲਿਖਤੀ ਤੌਰ ਤੇ ਆਖਦੀ ਹੈ ਕਿ ਕਿਉਂਕਿ ਇਸ ਐਕਟ ਬਦਲੀ ਨਾਲ ਕੀਮਤਾਂ ਵਧਣਗੀਆਂ। ਸੋ ਕੇਂਦਰੀ ਸਰਕਾਰ ਸੂਬਾਈ ਸਰਕਾਰਾਂ ਨੂੰ ਉਸ ਕੀਮਤ ਨੂੰ ਪੂਰਾ ਕਰਨ ਲਈ ਦਸ ਕਰੋੜ ਡਾਲਰ ਮੱਦਦ ਹੋਵੇਗੀ। ਸੋ ਸਾਫ ਹੈ ਕਿ ਸਰਕਾਰ ਨੂੰ ਪਤਾ ਹੈ ਤੇ ਮੰਨਦੀ ਹੈ ਕਿ ਕੀਮਤਾਂ ਵਿਚ ਵਾਧਾ ਹੋਵੇਗਾ।

**ਖੋਜ ਤੇ ਕੰਮ:**—ਮੰਤਰੀ ਜੀ ਆਪਣੀ ਚਿੱਠੀ ਵਿਚ ਲਿਖਦੇ ਹਨ ਕਿ ਇਸ ਨਵੇਂ ਐਕਟ ਨਾਲ ਦੁਆਈ ਕੰਪਨੀਆਂ ਕੈਨੇਡਾ ਵਿਚ ਤਿੰਨ ਅਰਬ ਡਾਲਰ ਲਾਉਣਗੀਆਂ। ਜਿਸ ਨਾਲ ਤਿੰਨ ਹਜ਼ਾਰ ਕੰਮ ਪੈਦਾ ਹੋਣਗੇ। ਪਹਿਲੀ ਗੱਲ ਤਾਂ ਇਹ ਕਿ ਕੰਪਨੀਆਂ ਨੇ ਕੋਈ ਦਸਤਖਤ ਨਹੀਂ ਕੀਤੇ ਕਿ ਉਹ ਇਹ ਪੈਸਾ ਲਾਉਣਗੀਆਂ। ਕਿਸ ਕਿਸਮ ਦੀ ਖੋਜ ਕਰਨਗੀਆਂ,ਇਸ ਬਾਰੇ ਵੀ ਕੋਈ ਲਿਖਤੀ ਇਕਰਾਰਨਾਮਾ ਨਹੀਂ। ਉਸਤੋਂ ਅੱਗੇ ਇਹ ਹੈ ਕਿ ਆਰਥਿਕ ਅਸੂਲਾਂ ਦੇ ਹਿਸਾਬ ਨਾਲ ਉਹ ਮੁਖ ਖੋਜ ਕੇਂਦਰੀ ਅਸਥਾਨ ਤੇ ਕਰਨਗੇ ਜਿਥੇ ਉਹ ਪਹਿਲਾਂ ਕਰਦੀਆਂ ਹਨ। ਕੈਨੇਡਾ ਵਿਚ ਸਿਰਫ ਸੇਹਤ ਲਈ ਸੇਫਟੀ ਪੱਖੋਂ ਅੱਗੇ ਵਾਂਗ "ਕਲਿਨੀਕਲ ਖੋਜ ਹੀ ਕਰਨਗੀਆਂ। ਪਰ ਜੇ ਫਰਜ਼ ਕਰਕੇ ਮੰਨ ਵੀ ਲਈਏ ਕਿ ਕੰਮ ਪੈਦਾ ਹੋਣਗੇ ਤਾਂ ਫਿਰ ਇਕ ਕੰਮ ਪੈਦਾ ਕਰਨ ਲਈ ਦਸ ਲੱਖ ਡਾਲਰ ਦੀ ਕੀਮਤ ਤਾਰਨੀ ਪੈਂਦੀ ਹੈ। ਸੋ ਤਾਂ ਵੀ ਇਹ ਮਹਿੰਗਾ ਸੌਦਾ ਹੈ। ਉਸਤੋਂ ਅਸਲੀ ਗੱਲ ਇਹ ਕਿ ਜੇ ਬਰਾਂਡ ਨਾਮ ਦੀ ਦੁਆਈ ਬਣਨ ਦੇ ਸਮੇਂ ਤੋਂ ਦਸ ਸਾਲ ਦੇ ਪਿਛੋਂ ਨਕਲ ਹੋ ਸਕੇਗੀ ਤਾਂ ਫਿਰ ਨਕਲ ਬਣਾਉਣ ਵਾਲੀਆਂ ਕੰਪਨੀਆਂ ਦਾ ਕੰਮ ਬਹੁਤ ਘੱਟ ਜਾਏਗਾ ਜਿਸ ਨਾਲ ਉਥੇ ਕੰਮ ਕਰਦੇ ਬੰਦੇ ਬੇ-ਰੋਜ਼ਗਾਰ ਹੋ ਜਾਣਗੇ। ਅਜਾਰੇਦਾਰ ਕੰਪਨੀਆਂ ਆਪ ਹੀ ਦਸ ਸਾਲ ਪਿਛੋਂ ਆਪਣੀ ਦੁਆਈ ਦੀ ਨਕਲ ਕਰਕੇ ਵੇਚਣਾ ਸ਼ੁਰੂ ਕਰ ਸਕਦੀਆਂ ਹਨ ਤਾਂ ਕਿ ਹੋਰ ਕੋਈ ਨਕਲ ਕਰਕੇ ਸਸਤੀ ਨਾ ਵੇਚੇ। ਇਸ ਤਰ੍ਹਾਂ ਮੁਕਾਬਲਾ ਘਟਾ ਕੇ ਅਥਾਹ ਮੁਨਾਫਾ ਕਾਇਮ ਰੱਖਿਆ ਜਾਵੇਗਾ।

**ਮੁਨਾਫਾ ਹੀ ਮੰਤਵ:**—ਅਜਾਰੇਦਾਰ ਕੰਪਨੀਆਂ ਤਾਂ ਖੋਜ ਕਰਕੇ ਦੁਆਈ ਹੀ ਤਦ ਬਣਾਉਣਗੀਆਂ ਜੇਕਰ ਵੇਚਣ ਲਈ ਖਪਤ ਮੰਡੀ ਜ਼ਿਆਦਾ ਹੋਵੇ। ਉਨ੍ਹਾਂ ਨੂੰ ਲੋਕਾਂ ਦੀ ਸਿਹਤ ਜਾਂ ਜ਼ਿੰਦਗੀ ਨਾਲ ਕੋਈ ਸਰੋਕਾਰ ਨਹੀਂ। ਉਨ੍ਹਾਂ ਦਾ ਈਮਾਨ ਮੁਨਾਫਾ ਹੈ। ਜਿਵੇਂ "ਡਾਇਲਾਗ"ਵਿਚ ਲਿਖਿਆ ਹੈ,"ਜਦੋਂ ਦੁਆਈਆਂ ਬਣਾਉਣ ਵਾਲੀਆਂ ਕੰਪਨੀਆਂ ਨੂੰ ਪੁੱਛਿਆ ਕਿ ਤੁਸੀਂ "ਏਡਜ਼"ਬੀਮਾਰੀ ਦੇ ਇਲਾਜ ਜਾਂ ਰੋਕਣ ਦੀ ਦੁਆਈ ਬਣਾਉਣ ਲਈ ਕੋਈ ਪਹਿਲ ਨਹੀਂ ਦੇ ਰਹੇ।"ਤਾਂ ਦੁਆਈਆਂ ਦੀ ਅਜਾਰੇਦਾਰ ਹੋਫਮੈਨ ਰੋਚੇ ਕੰਪਨੀ ਦੇ ਖੋਜ ਦੇ ਪ੍ਰਧਾਨ ਪੈਟਰਿਕ ਗੇਜ ਨੇ ਆਖਿਆ ,"ਇਹ ਗੱਲ ਤਾਂ ਭਾਵੇਂ ਬੜੀ ਭਿਆਨਕ ਲੱਗੇ ਪਰ ਤੁਹਾਨੂੰ ਸਮਝਣਾ ਚਾਹੀਦਾ ਹੈ ਕਿ ਦਸ ਲੋ ਬੰਦੇ ਦੀ ਵੀ ਕੋਈ ਮਾਰਕੀਟ ਹੁੰਦੀ ਹੈ ? ਹਾਂ ਵਧ ਜ਼ਰੂਰੀ ਰਹੀ ਹੈ। ਪਰ ਇਹ ਦਮੇ ਜਾਂ ਜੋੜ ਦਰਦ ਵਾਲੀ ਮਾਰਕੀਟ ਨਹੀਂ।"ਸੋ ਮੁਨਾਫੇਖੋਰ ਤਾਂ ਲਹੂ ਚੂਸਣਾ ਜਾਣਦੇ ਤੇ ਚਾਹੁੰਦੇ ਹਨ ਇਨਸਾਨੀਅਤ ਤੇ ਲੋਕ ਭਲਾਈ ਦੇ ਸ਼ਬਦ ਉਨ੍ਹਾਂ ਦੀ ਡਿਕਸ਼ਨਰੀ ਵਿਚ ਨਹੀਂ। ਕੈਨੇਡਾ ਵਿਚ ਬੁਨਿਆਦੀ ਤੌਰ ਤੇ ਹੀ ਬਹੁਤ ਘੱਟ ਖੋਜ ਹੁੰਦੀ ਹੈ ਅਤੇ ਦੁਆਈਆਂ ਦੀਆਂ ਕੰਪਨੀਆਂ ਨੇ ਕੈਨੇਡਾ ਵਿਚ ਆਪਣੀ ਵਿਕਰੀ ਦਾ ਇਕ ਫੀਸਦੀ ਹਿੱਸਾ ਵੀ ਕੈਨੇਡਾ ਵਿਚ ਖੋਜ ਤੇ ਨਹੀਂ ਲਾਇਆ। ਬਿੱਲ ਸੀ—22 ਵਿਚ ਇਨ੍ਹਾਂ ਤੋਂ ਖੋਜ ਰਾਹੀਂ ਕੰਮ ਪੈਦਾ ਕਰਾਉਣ ਬਾਰੇ ਕੋਈ ਠੋਸ ਤੇ ਵਿਸਥਾਰ ਦੀ ਨਿਸਚਿਤ ਗੱਲ ਹੀ ਨਹੀਂ।

ਇਸ ਨਵੇਂ ਬਿੱਲ ਦੇ ਪਾਸ ਹੋਣ ਨਾਲ ਸੂਬਿਆਂ ਦੀਆਂ ਸਰਕਾਰਾਂ ਨੂੰ ਮੈਡੀਕਲ ਤੇ ਵੱਧ ਖਰਚ ਕਰਨਾ ਪਵੇਗਾ ਕਿਉਂਕਿ ਦੁਆਈਆਂ ਦੀਆਂ ਕੀਮਤਾਂ ਅਸਮਾਨ ਤੱਕ ਚੜ੍ਹ ਜਾਣਗੀਆਂ। ਕੈਨੇਡਾ ਦੀ ਆਰਥਿਕ ਕੌਂਸਲ ਲਈ ਸ੍ਰੀ ਗੁਰੇਕੀ ਵਲੋਂ ਕੀਤੀ ਖੋਜ ਦੱਸਦੀ ਹੈ ਕਿ ਸੂਬਿਆਂ ਨੂੰ ਵੀਹ (20) ਫੀਸਦੀ ਹੋਰ ਖਰਚ ਵਧਾਉਣਾ ਪਵੇਗਾ। ਇਸਦਾ ਅਸਲੀ ਅਸਰ ਬਜ਼ੁਰਗਾਂ,ਬੱਚਿਆਂ,ਵੈਲਫੇਅਰ ਵਾਲਿਆਂ ਅਤੇ ਆਮ ਲੋਕਾਂ ਤੇ ਬਹੁਤ ਪਵੇਗਾ ਕਿਉਂਕਿ ਸਰਕਾਰ ਨੇ ਤਾਂ ਸਿਹਤ ਜਾਂ ਮੈਡੀਕੇਅਰ,ਹਸਪਤਾਲਾਂ ਤੇ ਖਰਚ ਵਧਾਉਣ ਦੀ ਥਾਂ ਘਟਾ ਦਿਤਾ ਹੈ। ਸੋ ਇਹ ਭਾਰ ਲੋਕਾਂ ਅਤੇ ਖਾਸ ਕਰ ਬਜ਼ੁਰਗ ਤੇ ਵੈਲਫੇਅਰ ਵਾਲਿਆਂ ਤੇ ਬਹੁਤ ਸੱਟ ਮਾਰੇਗਾ। ਵੈਸੇ ਤਾਂ ਹਰ ਆਮ ਬੰਦੇ ਲਈ ਦੁਆਈ ਲੈਣੀ ਮੁਸ਼ਕਲ ਹੋ ਜਾਏਗਾ। ਜਿਸਦਾ ਮੁੜ ਅਸਰ ਸਿਹਤ ਉਤੇ ਪਵੇਗਾ ਤੇ ਹੋਰ ਬੀਮਾਰੀ ਵਧੇਗੀ,ਉਸ ਨਾਲ ਕੰਮ ਵੀ ਟੁੱਟੇਗਾ ਜਾਂ ਅਸਰ ਪਵੇਗਾ ਤੇ ਹੋਰ .ਮੁੜਦੇ ਪੈਰੀਂ ਤਨਖਾਹ ਤੇ। ਸੋ ਇਹ ਗੰਦਾ ਤੇ ਮਾਰੂ ਚੱਕਰ ਚਲ ਪਵੇਗਾ। ਜਦੋਂ ਹੀ ਬਿੱਲ ਸੀ—22 ਵਿਚ ਸੋਧ ਕਰਕੇ ਨਕਲ ਕਰਕੇ ਦੁਆਈ ਬਣਾਉਣ ਦਾ "ਜ਼ਰੂਰੀ ਲਾਇਸੈਂਸ ਲੈ ਲੈਣ"ਦੀ ਗੱਲ ਖਤਮ ਕੀਤੀ ਉਸ ਸਮੇਂ ਹੀ ਮਾਰੂ ਅਸਰ ਸਰਕਾਰ ਦੇ ਵਾਈਟ ਪੇਪਰ ਨੇ ਜ਼ਾਹਰ ਕੀਤਾ ਕਿ ਦੇਸ਼ ਦੇ ਵੀਹ(20) ਫੀਸਦੀ

ਨੁਸਖੇ ਸਿਰਫ ਬਜ਼ੁਰਗਾਂ ਲਈ ਲਿਖ ਹੁੰਦੇ ਹਨ ਅਤੇ ਅੰਕੜੇ ਦਸਦੇ ਹਨ ਕਿ ਸਾਲ 2000 ਵਿਚ ਆਬਾਦੀ ਦਾ ਪੰਜਾਹ (50) ਫ਼ਸਦੀ ਹਿਸਾ 65 (ਪੈਂਠ) ਸਾਲ ਦੀ ਉਮਰ ਤੋਂ ਉਪਰ ਹੋਵੇਗਾ। ਸੋ ਅੰਦਾਜ਼ਾ ਲਾਉ ਕਿ ਇੰਨੀ ਵੱਡੀ ਆਬਾਦੀ ਦੇ ਹਿੱਸੇ ਉਪਰ ਨਵੇਂ ਸੋਧੇ ਹੋਏ ਐਕਟ ਦਾ ਅਸਰ ਸਾਲ 2000 ਵਿਚ ਹੋਵੇਗਾ। ਹੁਣ ਵੀ ਬ੍ਰਿਟਿਸ਼ ਕੋਲੰਬੀਆ ਵਿਚ ਚਾਲੀ(40) ਫੀਸਦੀ ਆਬਾਦੀ ਦੀ ਆਮਦਨ ਗਰੀਬੀ ਦੀ ਲਕੀਰ ਤੋਂ ਥੱਲੇ ਹੈ। ਸੋ ਉਨ੍ਹਾਂ ਲਈ ਦੁਆਈ ਲੈਣੀ ਮੁਸ਼ਕਲ ਹੈ। ਬੀ.ਸੀ. ਵਿਚ ਦੋ ਲੱਖ ਤੋਂ ਉਪਰ ਬੇ-ਰੋਜ਼ਗਾਰ ਅਤੇ ਤੇਰਾਂ ਫੀਸਦੀ ਤੋਂ ਉਪਰ ਬੇ-ਰੋਜ਼ਗਾਰੀ ਹੈ। ਇਸ ਤਰ੍ਹਾਂ ਹੀ ਘੱਟ ਤਨਖਾਹ ਵਾਲੇ ਮੌਸਮੀ ਕਾਮੇ,ਵਿਦਿਆਰਥੀ ਅਤੇ ਇਕ ਆਮਦਨ ਵਾਲੇ ਲੋਕਾਂ ਲਈ ਨਵੀਆਂ ਕੀਮਤਾਂ ਤੇ ਦੁਆਈ ਖਰੀਦਣੀ ਅਤਿ ਮੁਸ਼ਕਲ ਹੋਵੇਗੀ। ਗਰੀਬਾਂ ਵਿਚ ਹੀ ਬੀਮਾਰੀ,ਛੋਟੀ ਉਮਰ ਵਿਚ ਮ੍ਰਿਤੂ,ਅਤੇ ਗੁੰਝਲਦਾਰ ਬੀਮਾਰੀਆਂ ਹਨ। **ਬੀ.ਸੀ. ਦੇ ਫਾਰਮਾਕੇਅਰ ਦੇ ਮੁਫਤ ਦੁਆਈ ਦੇ ਪਰੋਗਰਾਮ ਉਤੇ ਵੀ ਸੱਟ ਮਾਰੇਗੀ। ਫਾਰਮਾਕੇਅਰ ਲੈਣ ਵਾਲਿਆਂ ਦੀ ਗਿਣਤੀ ਘਟਾ ਦਿਤਾ ਜਾਵੇਗੀ। ਦੁਆਈਆਂ ਲੈਣ,ਹਸਪਤਾਲ ਆਦਿ ਦੀ ਵਰਤੋਂ ਫੀਸ ਵਧਾਈ ਜਾਏਗੀ। ਫਾਰਮਾਕੇਅਰ ਲਹਾਂ ਕਟੌਤੀ ਵਧਾਈ ਜਾਏਗੀ ਅਤੇ ਕਈ ਮਹਿੰਗੀਆਂ ਦੁਆਈਆਂ ਬਿਲਕੁਲ ਮੁਫਤ ਨਹੀਂ ਮਿਲਣਗੀਆਂ।** ਕੈਨੇਡਾ ਦੀ 20(ਵੀਹ) ਫੀਸਦੀ ਆਬਾਦੀ ਗਰੀਬੀ ਦੀ ਲਕੀਰ ਤੋਂ ਥੱਲੇ ਰਹਿੰਦੀ ਹੈ। ਸੋ ਇਸ ਕੁਹਾੜੇ ਦੀ ਰੋਕਥਾਮ ਕਰੋ।

**ਯੂਨੀਅਨ ਕੰਟਰੈਕਟ:**—ਇਸ ਨਵੇਂ ਕਾਨੂੰਨ ਰਾਹੀਂ ਚੜ੍ਹਦੀਆਂ ਕੀਮਤਾਂ ਦਾ ਟਰੇਡ ਯੂਨੀਅਨ ਦੀ ਮਾਲਕਾਂ ਨਾਲ ਸਿਹਤ ਕਵਰੇਜ਼ ਲਈ ਗੱਲਬਾਤ,ਸਮਝੌਤੇ ਤੇ ਇਕਰਾਰਨਾਮੇ ਤੇ ਸੱਟ ਵਜੇਗੀ ਕਿਉਂਕਿ ਮਾਲਕ ਵੀ ਵਧੀਆ ਕੀਮਤਾਂ ਦੀ ਕਾਮੇ ਦੀ ਦੁਆਈ ਦਾ ਖਰਚ ਦੇਣ ਤੋਂ ਪਿਛੇ ਹਟਣਗੇ। ਜਾਂ ਉਹ ਇਸ ਬਦਲੇ ਹੋਰ ਕੋਈ ਛੋਟ ਘਟਾ ਦੇਣਗੇ।

**ਫਰੀ ਟਰੇਡ:**—ਅਮਰੀਕਾ ਨਾਲ ਚਲ ਰਹੀ ਫਰੀ ਟਰੇਡ ਦੀ ਗੱਲ ਕੈਨੇਡਾ ਦੀ ਆਜ਼ਾਦੀ ਤੇ ਪ੍ਰਭੁਸੱਤਾ ਲਈ ਖਤਰਾ ਹੈ,ਅਤੇ ਇਸ ਵਿਚ ਹੀ ਦੁਆਈ ਮੁਨਾਫੇਖੋਰਾਂ ਲਈ ਲੰਬੀ ਲਾਮਬੰਦ ਹੈ। ਜਿਵੇਂ 17 ਮਾਰਚ 1985 ਨੂੰ ਜਦੋਂ ਅਮਰੀਕੀ ਪ੍ਰਧਾਨ ਰੇਗਨ ਕੈਨੇਡਾ ਦੇ ਪ੍ਰਧਾਨ ਮੰਤਰੀ ਹਨ) ਤਾਂ ਉਸਨੇ ਵੀ ਇਸ ਮਲਰੂਨੀ ਨੂੰ ਫਰੀ ਟਰੇਡ ਲਈ ਕਿਉਬਿਕ ਸ਼ਹਿਰ ਵਿਚ ਮਿਲਿਆ (ਜਿਸਨੂੰ ਛੈਮਰੋਕ ਚੋਟੀ ਕਾਨਫਰੰਸ ਆਖਦੇ ਹਨ) ਤਾਂ ਉਸਨੇ ਵੀ ਇਸ ਨਕਲ ਕਰਨ ਦੀ ਖੁੱਲ੍ਹ ਨੂੰ ਖਤਮ ਕਰਨ ਲਈ ਤੇ ਪੇਟੈਂਟ ਐਕਟ ਵਿਚ ਸੋਧ ਕਰਨ ਲਈ ਦਬਾਅ ਪਾਇਆ। ਸੋ ਅਜਾਰੇਦਾਰਾਂ ਨੂੰ ਹੋਰ ਮੁਨਾਫੇ ਦੀ ਖੁੱਲ੍ਹ ਦੁਆਉਣ ਲਈ ਗੱਲ ਹੈ ਜਿਸ ਵਿਚ ਅਮਰੀਕੀ ਪ੍ਰਧਾਨ ਸਫਲ ਰਿਹਾ।

ਸੋ ਖਤਰੇ ਦੀ ਘੰਟੀ ਜ਼ੋਰ ਜ਼ੋਰ ਨਾਲ ਖੜਕ ਰਹੀ ਹੈ। ਉਠਣ ਦੀ ਲੋੜ ਹੈ।ਨਹੀਂ ਤਾਂ ਦੁਆਈਆਂ ਦੀ ਉਹ ਮਾਰੂ ਤੇ ਅਸਮਾਨੀ ਚੜ੍ਹੀਆਂ ਕੀਮਤਾਂ ਦਿਆ ਕਰਾਂਗੇ। ਜੋ ਅਮਰੀਕਾ ਵਿਚ ਹਨ ਜਿਵੇਂ ਉਪਰ ਲਿਖ ਚੁੱਕਾ ਹਾਂ। ਦੁਨੀਆਂ ਵਿਚ ਸਭ ਤੋਂ ਵੱਧ ਉਚੀਆਂ ਕੀਮਤਾਂ ਹੋਣਗੀਆਂ। ਪਰ ਇਸ ਨਾਲ ਆਮ ਬਹੁ-ਗਿਣਤੀ ਲੋਕਾਂ ਤੇ ਖਾਰ ਕਰ ਬਜ਼ੁਰਗਾਂ,ਬੇ-ਰੋਜ਼ਗਾਰਾਂ,ਘੱਟ ਤਨਖਾਹ ਤੇ ਵਿਦਿਆਰਥੀਆਂ ਆਦਿ ਦਾ ਕਚੂਮਰ ਨਿਕਲੇਗਾ। ਕੈਨੇਡਾ ਦੇ ਕਨਜ਼ੀਊਮਰ ਤੇ ਕਾਰਪੋਰੇਟ ਅਫੇਅਰਜ਼ ਦੇ ਰਿਟਾਇਰ ਹੋਏ ਉਚ ਅਧਿਕਾਰੀ ਨੇ ਆਖਿਆ,"ਜੇ ਬਿੱਲ ਐਵੇਂ ਪਾਸ ਹੋ ਗਿਆ ਤੇ ਲੋਕਾਂ ਨੇ ਵਿਰੋਧ ਕਰਕੇ ਨਾ ਹਰਾਇਆ ਤਾਂ ਮੇਰਾ ਦਿਲ ਟੁੱਟ ਜਾਵੇਗਾ। ਇਸ ਸੋਧ ਨਾਲ ਸਰਕਾਰ ਆਮ ਲੋਕਾਂ ਨੂੰ ਨਜ਼ਰ ਅੰਦਾਜ਼ ਕਰਕੇ ਅੰਤਰ-ਰਾਸ਼ਟਰੀ ਮਾਲਕਾਂ ਦੀਆਂ ਜੇਬਾਂ ਭਰਨ ਲਈ ਕਾਨੂੰਨ ਬਣਾਇਆ ਜਾ ਰਿਹਾ ਹੈ।"(ਦਿੱਸ ਮੈਗਜ਼ੀਨ) ਲੋਕਾਂ ਨੂੰ ਗੁਮਰਾਹ ਕਰਨ ਲਈ ਕਈ ਥੋਥੀਆਂ ਦਲੀਲਾਂ ਦੇਣਗੇ ਅਤੇ ਇਕ ਪਾਸੜ ਜਾਣਕਾਰੀ ਦੇਣਗੇ। ਮੂੰਹ ਜ਼ਬਾਨੀ ਵਾਅਦੇ ਕਰ ਸਕਦੇ ਹਨ ਤੇ ਆਖ ਸਕਦੇ ਹਨ,ਕੀਮਤਾਂ ਨਹੀਂ ਚੜ੍ਹਨ ਗਈਆਂ ਤੇ ਜੇ ਚੜ੍ਹਨਗੀਆਂ ਤਾਂ ਮੱਦਦ ਦਿਆਂਗੇ। ਉਨ੍ਹਾਂ ਨੂੰ ਆਖੋ ਕਿ ਕਿਉਂਕਿ ਤੁਸੀਂ ਲਿਖਤੀ ਤੌਰ ਤੇ ਬਾਕਾਇਦਾ ਪਾਰਲੀਮੈਂਟ ਰਾਹੀਂ ਸੋਧ ਕਰਕੇ ਕਾਨੂੰਨ ਸ਼ਕਲ ਦੇ ਰਹੇ ਹੋ ਜਿਸ ਨਾਲ ਸਾਡੀ ਸਿਹਤ ਖਤਮ ਕਰਨ ਤੱਕ ਜਾ ਰਹੇ ਹੋ। ਸੋ ਅਸੀ ਇਤਬਾਰ ਨਹੀਂ ਕਰਦੇ। ਕਿਉਂਕਿ ਸਰਕਾਰ ਨੇ ਸਾਰਾ ਕੰਮ ਲਿਖਤੀ ਕੀਤਾ ਹੈ। ਇਸ ਲਈ ਲਿਖਤੀ ਤੌਰ ਤੇ ਦਿਉ ਕਿ ਦੁਆਈਆਂ ਦੀ ਕੀਮਤ ਨਹੀਂ ਵਧੇਗੀ। ਪਰ ਜੇ ਦੁਆਈ ਦੀ ਕੀਮਤ ਨਹੀਂ ਵਧਣੀ ਤੇ ਸਭ ਪਹਿਲਾਂ ਵਾਂਗ ਹੀ ਰਹਿਣਾ ਹੈ ਤਾਂ ਫਿਰ ਬਿੱਲ ਸੀ—22 ਰਾਹੀਂ ਸੋਧ ਕਿਉਂ ? ਅਤੇ ਇਸ ਸੋਧ ਕਰਾਉਣ ਲਈ ਲੱਖਾਂ ਡਾਲਰ ਦਾ ਖਰਚ ਅਤੇ ਅਮਰੀਕੀ ਪ੍ਰਧਾਨ ਰੇਗਨ ਤੱਕ ਦਬਾਅ ਕਿਉਂ ? ਹੁਣ ਚੁੱਪ ਬੈਠਣ ਤੇ ਸੋਚਣ ਦਾ ਸਮਾਂ ਨਹੀਂ। ਕਾਨੂੰਨ ਪਾਸ ਹੋਣ ਵਾਲਾ ਹੈ। ਰੋਕਣ ਲਈ ਚਿੱਠੀਆਂ ਲਿਖੋ। ਪਟੀਸ਼ਨ ਕਰੋ ਅਤੇ ਵੱਧ ਤੋਂ ਵੱਧ ਰੌਲਾ ਪਾਉ। ਐਮ.ਪੀਆਂ ਨੂੰ ਧੜਾ ਧੜ ਇਸਦੇ ਵਿਰੋਧ ਵਿਚ ਲਿਖੋ। ਸੈਨੇਟ ਨੂੰ ਵੀ ਲਿਖੋ ਕਿਉਂਕਿ ਉਸ ਵਿਚ ਵੀ ਬਿੱਲ ਜਾਣਾ ਹੈ ਤੇ ਸੈਨੇਟ ਵਿਚ ਵੀ ਮਸਲਾ ਉਠਾਉਣ ਲਈ ਚਿੱਠੀ ਪਾਉ। ਪਾਰਲੀਮੈਂਟ ਵਿਚ ਸਿੱਧੀ ਪ੍ਰਧਾਨ ਮੰਤਰੀ ਤੇ ਸਿਹਤ ਮੰਤਰੀ ਨੂੰ ਸੈਨੇਟ ਵਿਚ ਗੌਰਮਿੰਟ ਦੇ ਲੀਡਰ ਹੌਨਰੇਬਲ ਲੋਇਲ ਮਰੇ ਅਤੇ ਵਿਰੋਧੀ ਲੀਡਰ ਹੌਨਰੇਬਲ ਐਲਨ ਮਕੈਰਨ—ਪਾਰਲੀਮੈਂਟ ਬਿਲਡਿੰਗਜ਼,ਵੈਲਿੰਗਟਨ ਸ਼ਟਰੀਟ,ਓਟਾਵਾ। ਇਸ ਬਾਰੇ ਪਬਲਿਕ ਨੂੰ ਵੀ ਇਕ ਦਮ ਲਾਮਬੰਦ ਕਰਨ ਦੀ ਲੋੜ ਹੈ। ਇਹ ਸਾਰੇ ਕੈਨੇਡੀਅਨ ਲੋਕਾਂ ਦਾ ਮਸਲਾ ਹੈ। ਸੋ ਸਾਡੀ ਕਮਿਊਨਿਟੀ ਨੂੰ ਇਸ ਬਿੱਲ ਨੂੰ ਹਰਾਉਣ ਲਈ ਪੂਰੀ ਮੁਹਿੰਮ ਲਾਮਬੰਦ ਕਰਨੀ ਜ਼ਰੂਰੀ ਹੈ ਅਤੇ ਨਾਲ ਹੀ ਸਾਡਾ ਮੀਡੀਆ ਵੀ ਰੋਲ ਅਦਾ ਕਰੇ। ਉਠਣ ਦਾ ਵੇਲਾ ਹੈ। ●

# ਈਸਟ ਇੰਡੀਅਨ ਵਰਕਰਜ਼ ਐਸੋਸੀਏਸ਼ਨ ਆਫ ਕੈਨੇਡਾ, ਟਰਾਂਟੋ ਯੂਨਿਟ ਦੀ ਮੀਟਿੰਗ

ਈਸਟ ਇੰਡੀਅਨ ਵਰਕਰਜ਼ ਐਸੋਸੀਏਸ਼ਨ ਦੀ ਇਕ ਮੀਟਿੰਗ ਅਜੀਤ ਸਿੰਘ ਜੌਹਲ ਦੀ ਪ੍ਰਧਾਨਗੀ ਹੇਠ ਟਰਾਂਟੋ ਵਿਖੇ ਹੋਈ। ਸਵਿੰਦਰ ਬਾਸੀ ਅਤੇ ਲਹਿਬਰ ਸਿੰਘ ਪੂਨੀ ਨੇ ਪਿਛਲੀ ਰੀਪੋਰਟ ਪੇਸ਼ ਕੀਤੀ।

ਮੀਟਿੰਗ ਵਿਚ ਇਕ ਮਤਾ ਪਾਸ ਕੀਤਾ ਗਿਆ ਜਿਸ ਵਿਚ ਅਮਰੀਕਾ ਅਤੇ ਪਾਕਿਸਤਾਨ ਦੇ ਇਸ਼ਾਰਿਆਂ ਉਪਰ ਦੇਸ਼ ਧਰੋਹੀ ਅਤਿਵਾਦੀ ਵੱਖਵਾਦੀ ਵਲੋਂ ਸਾਥੀ ਚੰਨਣ ਸਿੰਘ ਧੂਤ,ਮੈਂਬਰ ਸੀ.ਪੀ.ਆਈ (ਮ) ਸੂਬਾ ਕਮੇਟੀ ਅਤੇ ਸਕੱਤਰ ਜ਼ਿਲਾ ਹੁਸ਼ਿਆਰਪੁਰ ਦੇ ਘਿਨੌਣੇ ਅਤੇ ਬੁਜ਼ਦਿਲਾਨਾ ਕਤਲ ਦੀ ਸਖਤ ਸ਼ਬਦਾਂ ਵਿਚ ਨਿਖੇਧੀ ਕੀਤੀ ਗਈ। ਮਤੇ ਵਿਚ ਕਿਹਾ ਗਿਆ ਹੈ ਕਿ ਪੰਜਾਬ ਦੀ ਵੱਖਵਾਦੀ ਲਹਿਰ ਨੂੰ ਕਾਂਗਰਸ ਨੇ ਹੀ ਜਨਮ ਦਿਤਾ ਸੀ ਅਤੇ ਇਸਦੀਆਂ ਗਲਤ ਨੀਤੀਆਂ ਕਾਰਨ ਹੀ ਇਹ ਵਧੀ ਫੁੱਲੀ ਹੈ। ਮਤੇ ਵਿਚ ਬਾਦਲ ਅਤੇ ਟੌਹੜਾ ਵਲੋਂ ਅਤਿਵਾਦੀਆਂ ਨਾਲ ਮਿਲਵਰਤੋਂ ਦੀ ਨਿਖੇਧੀ ਕੀਤੀ ਗਈ।

ਮੀਟਿੰਗ ਵਿਚ ਨਿਰਮਲ ਢੀਂਡਸਾ ਨੇ ਸੀ.ਪੀ.ਆਈ. (ਮ) ਦੇ ਪੰਜਾਬ ਬਾਰੇ ਸਟੈਂਡ ਦੀ ਵਿਸਤਾਰ ਵਿਚ ਵਿਆਖਿਆ ਕੀਤੀ।

ਪਿਆਰਾ ਸਿੰਘ ਤੱਗੜ ਦਾ ਮੀਟਿੰਗ ਦਾ ਪ੍ਰਬੰਧ ਕਰਨ ਲਈ ਧੰਨਵਾਦ ਕੀਤਾ ਗਿਆ।

**ਵਲੋਂ ਨਿਰਮਲ ਢੀਂਡਸਾ,ਟਰਾਂਟੋ**


**RAVI AUTO SERVICE**

**ਰਵੀ ਆਟੋ ਸਰਵਿਸ**

**6961 PALM AVE. BURNABY B.C.**

**PH. (604) 437-7115**

**ਅਸੀਂ 6 ਦਿਨ ਖੁੱਲ੍ਹਦੇ ਹਾਂ**

**ਬਰੇਕਾਂ ਦੇ ਸਪੈਸ਼ਲਿਸਟ**

**ਟਿਊਨ ਅਪ ਤੇ ਕਿਸੇ ਤਰ੍ਹਾਂ ਦੀ ਕਾਰ ਦੀ ਮੁਰੰਮਤ**

ਮੁਫਤ ਸਲਾਹ - ਕਾਰ ਖਰੀਦਣ, ਵੇਚਣ ਜਾਂ ਕੋਈ ਨੁਕਸ ਹੋਵੇ ਤਾਂ ਮੁਫਤ ਸਲਾਹ ਲਓ।

**Brake Specialists—Tuneups & Complete Engine work**

*FREE ESTIMATE*

2nd class Mail Reg. No. 6794
Monthly Magazine
The
**Lokta**
P.O.Box 67534 STN.'O'
VANCOUVER, B.C. V5W 3T9




# SHAN SAREES & DRAPERY LTD.

ਪੰਜਾਬੀ ਮਾਰਕਿਟ ਵਿੱਚ ਆਉਣ ਸਮੇਂ ਹੋਰ ਛਾਂਗੀਆਂ ਗਈਆਂ ਕੀਮਤਾਂ ਤੇ ਨਵੇਂ ਪੁੱਜੇ ਮਾਲ ਨੂੰ ਦੇਖੇ ਬਗੈਰ ਨਾ ਜਾਓ!!!

ਪੰਜਾਬੀ ਮਾਰਕੀਟ ਵਿਚ
ਸੂਟ - ਸਾੜ੍ਹੀਆਂ ਅਤੇ ਵਧੀਆ ਪਰਦੇ ਬਣਵਾਉਣ ਲਈ ਇਕ ਭਰੋਸੇਯੋਗ ਸਟੋਰ

ਪਰਦਿਆਂ ਅਤੇ ਡਰੇਪਰੀ ਟਰੈਕ ਦੇ ਲਗਵਾਣ ਦੇ ਮੁਫਤ ਐਸਟੀਮੇਟ ਲਈ ਅਸੀਂ ਹਮੇਸ਼ਾ ਹਾਜ਼ਰ ਹਾਂ

ਪਰਦਿਆਂ ਦੇ ਕੱਪੜਿਆਂ 'ਤੇ ਹਮੇਸ਼ਾਂ ਹੀ ਕੁਝ ਨਾ ਕੁਝ ਜ਼ਰੂਰ OFF ਮਿਲਦਾ ਹੈ।

ਕੋਈ ਵੀ ਚੀਜ਼ ਖ੍ਰੀਦਣ ਤੋਂ ਪਹਿਲਾਂ ਸਾਡੀਆਂ ਕੀਮਤਾਂ ਨੂੰ ਚੈਕ ਜ਼ਰੂਰ ਕਰੋ ਤੁਹਾਨੂੰ ਜੀ ਆਇਆਂ ਅਤੇ ਚੰਗੀ ਸਰਵਿਸ ਦੇਣ ਲਈ ਸਾਡਾ ਸਟਾਫ ਹਮੇਸ਼ਾ ਖਸ਼ੀ ਮਹਿਸੂਸ ਕਰੇਗਾ।

## ਸ਼ਾਨ ਸਾੜ੍ਹੀਜ਼ ਐਂਡ ਡਰੇਪਰੀ ਲਿਮਿ:

6543 MAIN ST. [BETWEEN 49TH. & 50TH.]
VANCOUVER, PH: 321-1955. 321-0847